ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 4 | Issue 2| Apr.-June 2026

ISSN: 2583-9446 (O)
Paper Id: ARMN040226
Available online at: www.armaan.org.in
DOI: https://doi.org/10.64119/armaan.vol.4.issue2.26

# ਪੰਜਾਬੀ ਨਾਵਲਾਂ ਵਿਚ ਖ਼ਾਲਸਾ ਰਾਜ ਦੇ ਪਤਨ ਦੇ ਕਾਰਨਾਂ ਦੀ ਪੇਸ਼ਕਾਰੀ (‘ਯੁੱਗ-ਅੰਤ’, ‘ਅਕਾਲ ਸਹਾਏ’ ਅਤੇ ‘ਸੂਰਜ ਦੀ ਅੱਖ’ ਦੇ ਵਿਸ਼ੇਸ਼ ਸੰਦਰਭ 'ਚ)

# Punjabi Navelan Vich Khalsa Raaj De Patan De Kaarnan Di Peshkaari (‘Yug Ant’, ‘Akaal Sahai’ Ate ‘Suraj Di Akh’ de vishesh sandarbh 'ch)

**ਡਾ. ਗੁਰਪ੍ਰੀਤ ਸਿੰਘ (Dr. Gurpreet Singh)**
ਸਹਾਇਕ ਪ੍ਰੋਫੈਸਰ, ਪੰਜਾਬੀ (Assistant Professor in Punjabi)
ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ (ਪੰਜਾਬ)- 151001
Email ID: gurpreet.oasis@gmail.com

**ਸਾਰ (Abstract)**

*ਇਸ ਖੋਜ ਕਾਰਜ ਵਿਚ ਸਾਹਿਤ ਦੇ ਤੁਲਨਾਤਮਕ ਅਧਿਐਨ ਦੇ ਸਿਧਾਂਤ ਬਾਰੇ ਸੰਖੇਪ ਚਰਚਾ ਕਰਨ ਉਪਰੰਤ ਇਸ ਬਾਰੇ ਮੁੱਢਲੀ ਸਮਝ ਪੈਦਾ ਕੀਤੀ ਗਈ ਹੈ ਅਤੇ ਇਸ ਤੋਂ ਬਾਅਦ ਤਿੰਨ ਨਾਵਲਾਂ ਵਿਚਲੇ ਵਿਸ਼ਾ-ਵਸਤੂ ਦੇ ਅਹਿਮ ਪਹਿਲੂਆਂ ਦੀ ਤੁਲਨਾਤਮਕ ਵਿਆਖਿਆਂ ਪੇਸ਼ ਕੀਤੀ ਗਈ ਹੈ। ਇਸ ਤਹਿਤ ਮਨਮੋਹਨ ਬਾਵਾ ਦੇ ਨਾਵਲ ‘ਯੁੱਗ ਅੰਤ’, ਹਰਜੀਤ ਅਟਵਾਲ ਦੇ ਨਾਵਲ ‘ਅਕਾਲ ਸਹਾਏ ਅਤੇ ਬਲਦੇਵ ਸਿੰਘ ਦੇ ਨਾਵਲ ‘ਸੂਰਜ ਦੀ ਅੱਖ’ ਵਿਚ ਵਿਭਿੰਨ ਦ੍ਰਿਸ਼ਟੀਆਂ ਤੋਂ ਅਤੇ ਵਿਭਿੰਨ ਸ਼ੈਲੀ ਵਿਚ ਪੇਸ਼ ਹੋਏ ਖ਼ਾਲਸਾ ਰਾਜ ਦੇ ਪਤਨ ਦੇ ਕਾਰਨਾਂ ਨੂੰ ਤੁਲਨਾ ਕੇ ਵਿਚਾਰਿਆ ਗਿਆ ਹੈ। ਵੇਖਣ ਵਿਚ ਆਇਆ ਹੈ ਕਿ ਇਹ ਤਿੰਨੇ ਨਾਵਲਕਾਰ ਖ਼ਾਲਸਾ ਰਾਜ ਦੇ ਪਤਨ ਦੇ ਕਾਰਨਾਂ ਨੂੰ ਆਪਣੇ ਆਪਣੇ ਦ੍ਰਿਸ਼ਟੀਕੋਣ ਤੋਂ ਵੇਖਦੇ ਹਨ ਅਤੇ ਆਪਣੇ ਨਾਵਲਾਂ ਵਿਚ ਪੇਸ਼ ਕਰਦੇ ਹਨ। ਇਹਨਾਂ ਵਿਭਿੰਨ ਦ੍ਰਿਸ਼ਟੀਕੋਣਾਂ ਦੀ ਤੁਲਨਾ ਕਰਦੇ ਹੋਏ ਇਹਨਾਂ ਵਿਚਲੀਆਂ ਸਮਾਨਤਾਵਾਂ, ਵਖਰੇਵਿਆਂ ਅਤੇ ਸੰਵਾਦਾਂ ਨੂੰ ਇਸ ਖੋਜ ਕਾਰਜ ਵਿਚ ਪੇਸ਼ ਕੀਤਾ ਗਿਆ ਹੈ। ਇਸ ਖੋਜ ਕਾਰਜ ਰਾਹੀਂ ਮਹਾਰਾਜਾ ਰਣਜੀਤ ਸਿੰਘ ਦੁਆਰਾ ਸ਼ਾਸਤ ਖ਼ਾਲਸਾ ਰਾਜ ਦੇ ਪਤਨ ਦੇ ਕਾਰਨਾਂ ਨੂੰ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਵਿਚਾਰ ਕੇ ਇਕ ਸਾਂਝੀ ਰਾਏ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਤਾਂ ਕਿ ਪਾਠਕ ਖ਼ਾਲਸਾ ਰਾਜ ਦੇ ਬੁਨਿਆਦੀ ਅਸੂਲਾਂ, ਇਸ ਦੇ ਪਤਨ ਦੇ ਅਹਿਮ ਅਤੇ ਤਤਕਾਲੀ ਕਾਰਨਾਂ ਵਿਚਲੇ ਸਮੀਕਰਨਾਂ ਬਾਰੇ ਜਾਣ ਸਕੇ ਅਤੇ ਇਹਨਾਂ ਦੀ ਵਿਚਾਰ ਅਧੀਨ ਨਾਵਲਾਂ ਵਿਚ ਹੋਈ ਪੇਸ਼ਕਾਰੀ ਦੇ ਵਿਭਿੰਨ ਪਸਾਰਾਂ ਨੂੰ ਜਾਣਦੇ ਹੋਏ ਇਤਿਹਾਸ ਅਤੇ ਸਾਹਿਤ ਵਿਚਲੇ ਸੰਬੰਧਾਂ, ਨਿਖੇੜਿਆਂ ਅਤੇ ਸੰਵਾਦਾਂ ਨੂੰ ਸਮਝ ਸਕੇ।*

**ਕੀਵਰਡ (Keyword):** *ਖ਼ਾਲਸਾ ਰਾਜ, ਪਤਨ ਦੇ ਕਾਰਨ, ਤੁਲਨਾਤਮਕ ਅਧਿਐਨ, ਇਤਿਹਾਸਕ ਨਾਵਲ, ਰਣਜੀਤ ਸਿੰਘ, ਗਲਪੀ ਇਤਿਹਾਸ।*

## (ਇਕ)

ਖ਼ਾਲਸਾ ਰਾਜ ਦੇ ਇਤਿਹਾਸ ਨੂੰ ਦਰਸਾਉਂਦੀਆਂ ਸਾਹਿਤਕ ਅਤੇ ਗ਼ੈਰ-ਸਾਹਿਤਕ ਰਚਨਾਵਾਂ, ਇਸ ਰਾਜ ਦੇ ਪਤਨ ਦੇ ਕਾਰਨਾਂ ਉੱਪਰ ਗੰਭੀਰ ਚਰਚਾ ਕਰਦੀਆਂ ਨਜ਼ਰ ਆਉਂਦੀਆਂ ਹਨ। ਇਹਨਾਂ ਰਚਨਾਵਾਂ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਵਿਅਕਤਿਤਵ ਦੀ ਪੇਸ਼ਕਾਰੀ ਉੱਪਰ ਵੀ ਸੰਵਾਦ ਹੋਏ ਹਨ ਅਤੇ ਉਹਨਾਂ ਦੀ ਮੌਤ ਤੋਂ ਬਾਅਦ ਦੇ ਹਾਲਾਤ ਉੱਪਰ ਵੀ ਚਰਚਾ ਛਿੜਦੀ ਰਹੀ ਹੈ। ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਕਿਸੇ ਰਾਜ ਦੇ ਉਥਾਨ ਅਤੇ ਪਤਨ ਦੇ ਬਹੁਤ ਸਾਰੇ ਕਾਰਨ ਹੁੰਦੇ ਹਨ। ਖ਼ਾਲਸਾ ਰਾਜ ਦੇ ਪਤਨ ਦੇ ਅਹਿਮ ਕਾਰਨ ਪੰਜਾਬ ਦਾ ਆਪਣੇ ਦੁਸ਼ਮਣਾਂ ਜਿਵੇਂ ਅਫ਼ਗਾਨ, ਡੋਗਰੇ, ਗੋਰਖੇ, ਅੰਗਰੇਜ਼, ਮਰਾਠੇ ਆਦਿ ਵਿਚ ਘਿਰੇ ਹੋਣਾ, ਰਣਜੀਤ ਸਿੰਘ ਦੁਆਰਾ ਬੇਫਿਕਰ ਹੋ ਕੇ ਅਯਾਸ਼ੀਆਂ ਵਿਚ ਰੁੱਝੇ ਰਹਿਣਾ, ਰਣਜੀਤ ਸਿੰਘ ਦੇ ਯੋਗ ਉੱਤਰਾਧਿਕਾਰੀ ਦਾ ਨਾ ਹੋਣਾ, ਰਣਜੀਤ ਸਿੰਘ ਦੁਆਰਾ ਅੰਗਰੇਜ਼ਾਂ ਨਾਲ ਬੇਲੋੜੀ ਸੰਧੀ ਕਰਨਾ, ਰਣਜੀਤ ਸਿੰਘ ਦੀ ਫ਼ੌਜ ਵਿਚਲੇ ਵਿਦੇਸ਼ੀ ਫ਼ੌਜੀਆਂ ਦਾ ਗੋਰਿਆਂ ਖਿਲਾਫ਼ ਨਾ ਲੜਨਾ, ਆਮਦਨ ਘੱਟ ਹੋਣ ਕਰਕੇ ਵੱਡੀ ਫ਼ੌਜ ਦੇ ਖਰਚੇ ਉਠਾਉਣ ਦੇ ਅਸਮਰੱਥ ਹੋਣਾ, ਰਣਜੀਤ ਸਿੰਘ ਵੱਲੋਂ ਆਪਣੇ ਤੋਂ ਬਾਅਦ ਦੇ ਸਮੇਂ ਲਈ ਰਾਜ ਦੇ ਸਿਵਲ ਪ੍ਰਬੰਧਾਂ ਲਈ ਯੋਗ ਅਧਿਕਾਰੀਆਂ ਦੀ ਨਿਯੁਕਤੀ ਨਾ ਕਰਨਾ ਜਾਂ ਅਧਿਕਾਰੀ ਤਿਆਰ ਨਾ ਕਰਨੇ, ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਫ਼ੌਜ ਨੂੰ ਕਾਬੂ ਵਿਚ ਨਾ ਰੱਖ ਸਕਣਾ, ਯੋਗ ਉੱਤਰਾਧਿਕਾਰੀ ਦੀ ਅਣਹੋਂਦ ਵਿਚ ਡੋਗਰਿਆਂ ਅਤੇ ਸੰਧਾਂਵਾਲੀਏ ਸਰਦਾਰਾਂ ਦੀਆਂ ਨੀਤੀਆਂ, ਅੰਗਰੇਜ਼ਾਂ ਦੁਆਰਾ ਕੀਤੀਆਂ ਹੋਈਆਂ ਸੰਧੀਆਂ ਨੂੰ ਨਜ਼ਰਅੰਦਾਜ਼ ਕਰਨਾ, ਤੇਜਾ ਸਿੰਘ ਤੇ ਲਾਲ ਸਿੰਘ ਵਰਗਿਆਂ ਦੀ ਗ਼ਦਾਰੀ, ਲਾਹੌਰ ਦੀ ਸੰਧੀ ਨੂੰ ਦੂਰਅੰਦੇਸ਼ੀ ਨਾਲ ਨਾ ਦੇਖ ਸਕਣਾ, ਵੱਡਾ ਰਾਜ ਹੋਣ ਕਰਕੇ ਅੰਦਰੂਨੀ ਮਸਲਿਆਂ ਵਿਚ ਉਲਝੇ ਰਹਿਣਾ ਤੇ ਦੁਸ਼ਮਣਾਂ ਨੂੰ ਗੰਭੀਰਤਾ ਨਾਲ ਨਾ ਲੈਣਾ, ਸ਼ਾਹੀ ਘਰਾਣੇ ਦੀਆਂ ਰਾਣੀਆਂ ਅਤੇ ਰਾਜਕੁਮਾਰਾਂ ਦਾ ਸਵੈ-ਕੇਂਦ੍ਰਿਤ ਹੋ ਕੇ ਨਿੱਜੀ ਹਿੱਤਾਂ ਨੂੰ ਰਾਜ ਦੇ ਹਿਤਾਂ ਨਾਲੋਂ ਪਹਿਲ ਦੇਣੀ ਅਤੇ ਪਹਿਲੇ ਸਿੱਖ-ਅੰਗਰੇਜ਼ ਯੁੱਧ ਵਿਚ ਗ਼ਦਾਰੀਆਂ ਕਰਕੇ ਹੋਈ ਹਾਰ ਆਦਿ ਮੰਨੇ ਜਾਂਦੇ ਹਨ।

ਖ਼ਾਲਸਾ ਰਾਜ ਦੇ ਪਤਨ ਦੇ ਕਾਰਨਾਂ ਨੂੰ ਪੇਸ਼ ਕਰਦਾ ਹੁਣ ਤੱਕ ਦਾ ਸਭ ਤੋਂ ਅਹਿਮ ਸਾਹਿਤਕ ਦਸਤਾਵੇਜ਼ ਸ਼ਾਹ ਮੁਹੰਮਦ ਰਚਿਤ ‘ਜੰਗਨਾਮਾ ਸਿੰਘਾਂ ਅਤੇ

 Received: 10 May 2026 Accepted: 31 May 2026 Published: 05 June 2026

ਫ਼ਰੰਗੀਆਂ' ਹੈ। ਸ਼ਾਹ ਮੁਹੰਮਦ ਦੇ ਪਰਿਵਾਰਕ ਮੈਂਬਰਾਂ ਦੇ ਰਣਜੀਤ ਸਿੰਘ ਦੀ ਫ਼ੌਜ ਵਿਚ ਤਾਇਨਾਤ ਹੋਣ ਕਰਕੇ ਜਾਂ ਉਸ ਦੇ ਸਮਕਾਲੀ ਹੋਣ ਕਰਕੇ ਸ਼ਾਹ ਮੁਹੰਮਦ ਦੀ ਰਣਜੀਤ ਸਿੰਘ ਦੇ ਰਾਜ ਦੀਆਂ ਅੰਦਰੂਨੀ ਸਫਾਂ ਪ੍ਰਤੀ ਵਧੇਰੇ ਸਮਝ ਸੀ। ਇਸ ਤੋਂ ਬਾਅਦ ਜਿੰਨੇ ਵੀ ਲੇਖਕਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਆਧਾਰ ਬਣਾ ਕੇ ਸਾਹਿਤਕ ਜਾਂ ਗ਼ੈਰ-ਸਾਹਿਤਕ ਰਚਨਾਕਾਰੀ ਕੀਤੀ, ਸਿੱਧੇ ਜਾਂ ਅਸਿੱਧੇ ਰੂਪ ਵਿਚ ਇਸ ਜੰਗਨਾਮੇ ਨੂੰ ਹੀ ਆਧਾਰ ਬਣਾਇਆ। ਵੀਹਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਦੀਆਂ ਤਿੰਨ ਅਹਿਮ ਗਲਪੀ ਰਚਨਾਵਾਂ ਮਨਮੋਹਨ ਬਾਵਾ ਰਚਿਤ ਨਾਵਲ 'ਯੁੱਗ-ਅੰਤ', ਹਰਜੀਤ ਅਟਵਾਲ ਰਚਿਤ ਨਾਵਲ 'ਅਕਾਲ ਸਹਾਏ' ਅਤੇ ਬਲਦੇਵ ਸਿੰਘ ਸੜਕਨਾਮਾ ਰਚਿਤ ਨਾਵਲ 'ਸੂਰਜ ਦੀ ਅੱਖ' ਵੀ ਇਸੇ ਸ਼੍ਰੇਣੀ ਦੀਆਂ ਰਚਨਾਵਾਂ ਹਨ। ਨਾਵਲਕਾਰਾਂ ਦੀ ਸ਼ੈਲੀ, ਥੀਮਕ ਪਾਸਾਰ, ਸੰਰਚਨਾਤਮਕ ਪਾਸਾਰ, ਨਜ਼ਰੀਏ ਅਤੇ ਵਿਚਾਰਧਾਰਕ ਪ੍ਰਾਥਮਿਕਤਾਵਾਂ ਕਰਕੇ ਇਹ ਰਚਨਾਵਾਂ ਵਿਲੱਖਣ ਅਤੇ ਕੁੱਝ ਵੱਖਰਤਾਵਾਂ ਵਾਲੀਆਂ ਵੀ ਹਨ। ਇਹਨਾਂ ਵਿਚਲੇ ਉਹਨਾਂ ਪਹਿਲੂਆਂ ਨੂੰ ਤੁਲਨਾਤਮਕ ਨਜ਼ਰੀਏ ਤੋਂ ਦੇਖਣਾ ਬਣਦਾ ਹੈ ਜਿਨ੍ਹਾਂ ਦਾ ਸੰਬੰਧ ਇਸ ਗੱਲ ਨਾਲ ਹੈ ਕਿ ਆਖਿਰ ਇੰਨਾ ਵੱਡਾ ਅਤੇ ਮਜ਼ਬੂਤ ਰਾਜ ਕੁਝ ਸਾਲਾਂ ਵਿਚ ਹੀ ਕਿਵੇਂ ਖਤਮ ਹੋ ਗਿਆ।

(ਦੋ)

ਤੁਲਨਾਤਮਕ ਨਜ਼ਰੀਏ ਬਾਰੇ ਇਥੇ ਬਹਿਸ ਕਰਨੀ ਲਾਜ਼ਮੀ ਹੈ। ਤੁਲਨਾ ਕਰਨਾ ਮਨੁੱਖ ਦੇ ਸੁਭਾਅ ਦਾ ਬੁਨਿਆਦੀ ਲੱਛਣ ਹੈ। ਜਦੋਂ ਉਹ ਦੋ ਮਦਾਂ ਦੀ ਇਕ ਦੂਜੇ ਦੇ ਪ੍ਰਸੰਗ ਵਿਚ ਜਾਂਚ-ਪੜਤਾਲ ਕਰ ਰਿਹਾ ਹੁੰਦਾ ਹੈ ਤਾਂ ਅਸਲ ਵਿਚ ਉਹ ਤੁਲਨਾ ਦੇ ਕਾਰਜ ਨੂੰ ਨਿਭਾਅ ਰਿਹਾ ਹੁੰਦਾ ਹੈ। ਇਸ ਕਾਰਜ ਦੌਰਾਨ ਦੋਨਾਂ ਮਦਾਂ ਦੀ ਬਣਤਰ ਅਤੇ ਤੱਤਾਂ ਵਿਚਲੇ ਸੰਬੰਧਾਂ, ਵਖਰੇਵਿਆਂ, ਸਮਾਨਤਾਵਾਂ ਅਤੇ ਸੰਵਾਦਾਂ ਦਾ ਸਰਵੇਖਣ ਕੀਤਾ ਜਾਂਦਾ ਹੈ। ਮਾਰਕਸਵਾਦੀ ਸਿਧਾਂਤ 'ਦਵੰਦਵਾਦ' ਅਨੁਸਾਰ ਕਿਸੇ ਦੋ ਸਮਰੂਪੀ ਮਦਾਂ ਦੇ ਆਪਸੀ ਟਕਰਾਅ ਵਿਚੋਂ ਕਿਸੇ ਤੀਜੀ ਮਦ ਦਾ ਵਿਕਾਸ ਹੁੰਦਾ ਹੈ। ਇਸ ਵਿਰੋਧ-ਵਿਕਾਸ (Dialectic) ਦੀ ਪ੍ਰਕਿਰਿਆ ਦਾ ਸਾਰਾ ਦਾਰੋਮਦਾਰ ਤੁਲਨਾ ਦੇ ਸਿਧਾਂਤ ਉੱਪਰ ਹੀ ਖੜ੍ਹਾ ਹੈ। ਸੁਕਰਾਤ ਅਨੁਸਾਰ ਕਿਸੇ ਵਿਚਾਰ, ਵਸਤੂ, ਵਰਤਾਰੇ, ਸੰਕਲਪ ਜਾਂ ਮਦ ਨੂੰ ਲੈ ਕੇ ਦੋ ਧਿਰਾਂ ਵਿਚ ਹੋਣ ਵਾਲੇ ਸਵਾਲ (ਸੰਵਾਦ) ਨਵੇਂ ਵਿਚਾਰਾਂ ਨੂੰ ਜਨਮ ਦਿੰਦੇ ਹਨ। ਇਹ ਨਵੇਂ ਵਿਚਾਰਾਂ ਨੂੰ ਅੰਤਿਮ ਸੋਚ, ਪਰਮ ਸੱਚ ਜਾਂ ਪਰਮ ਗਿਆਨ ਵੀ ਕਿਹਾ ਗਿਆ ਹੈ।

ਸਾਹਿਤ ਦੇ ਖੇਤਰ ਵਿਚ ਤੁਲਨਾਤਮਕ ਅਧਿਐਨ ਵਿਧੀ ਦਾ ਇਤਿਹਾਸ 500 ਸਾਲ ਪੁਰਾਣਾ ਹੀ ਹੈ। ਸ਼ੁਰੂਆਤੀ ਦੌਰ ਵਿਚ ਤੁਲਨਾਤਮਕ ਅਧਿਐਨ ਵਿਧੀ ਸਮਾਜ ਸ਼ਾਸਤਰ ਅਤੇ ਰਾਜਨੀਤੀ ਸ਼ਾਸਤਰ ਦੇ ਖੇਤਰ ਵਿਚ ਵਰਤਿਆ ਜਾਣ ਵਾਲਾ ਸੰਕਲਪ ਸੀ ਜਿਸ ਵਿਚ ਦੋ ਦੇਸ਼ਾਂ ਜਾਂ ਸਭਿਆਚਾਰਾਂ ਦੀ ਤੁਲਨਾ ਕੀਤੀ ਜਾਂਦੀ ਸੀ। ਸਾਹਿਤ ਦੇ ਖੇਤਰ ਵਿਚ ਵੀ ਤੁਲਨਾ ਦਾ ਮੂਲ ਉਦੇਸ਼ ਦੋ ਸਮਾਜਾਂ, ਸਭਿਆਚਾਰਾਂ, ਭਾਸ਼ਾਵਾਂ, ਪਰੰਪਰਾਵਾਂ, ਸਭਿਆਤਾਵਾਂ, ਜੀਵਨ ਢੰਗਾਂ ਨੂੰ ਆਧਾਰ ਬਣਾ ਕੇ ਦੋ ਸਾਹਿਤਕ ਕਿਰਤਾਂ ਦੀ ਸੁਭਾਵਕ ਤੁਲਨਾ ਕਰਨਾ ਸੀ।

ਆਪਣੇ ਮੁੱਢਲੇ ਸਮੇਂ ਵਿਚ ਤੁਲਨਾਤਮਕ ਅਧਿਐਨ ਪ੍ਰਣਾਲੀ ਸਾਹਿਤ

ਅਧਿਐਨ ਲਈ ਵਰਤਿਆ ਜਾਣ ਵਾਲਾ ਇਕ ਨਜ਼ਰੀਆ ਜਾਂ ਸੰਦ (Tool) ਹੀ ਸੀ। 'ਤੁਲਨਾਤਮਕ ਅਧਿਐਨ' ਦੇ ਅਰਥ ਸਾਹਿਤ ਸਿਰਜਣਾ ਨਾਲ ਵੀ ਜੋੜ ਲਏ ਜਾਂਦੇ ਹਨ ਅਤੇ ਸਾਹਿਤ ਇਤਿਹਾਸਕਾਰੀ ਜਾਂ ਸਾਹਿਤ ਆਲੋਚਨਾ ਨਾਲ ਵੀ। ਇਸ ਗਿਆਨ ਪੱਧਤੀ ਨੂੰ ਪਹੁੰਚ ਵਿਧੀ ਵਜੋਂ ਵੀ ਸਵੀਕਾਰਿਆ ਜਾਂਦਾ ਹੈ ਅਤੇ ਆਲੋਚਨਾ ਵਿਧੀ ਵਜੋਂ ਵੀ। ਪਰ ਸਮਾਂ ਪਾ ਕੇ ਇਸ ਨੂੰ ਨਜ਼ਰੀਏ, ਵਿਧੀ, ਸਿਧਾਂਤ ਜਾਂ ਸ਼ਾਸਤਰ ਦੇ ਰੂਪ ਵਿਚ ਵਿਕਸਿਤ ਕਰਨ ਵਿਚ ਵਿਸ਼ਵ ਦੇ ਬਹੁਤ ਸਾਰੇ ਵਿਦਵਾਨਾਂ ਨੇ ਮਹੱਤਵਪੂਰਨ ਭੂਮਿਕਾ ਨਿਭਾਈ।

'ਤੁਲਨਾਤਮਕ' ਸ਼ਬਦ ਇਕ ਮਿਸ਼ਰਿਤ ਸ਼ਬਦ ਹੈ ਜਿਹੜਾ ਕਿ ਤਿੰਨ ਭਾਵੰਸ਼ਾਂ ਨੂੰ ਮਿਲਾ ਕੇ ਬਣਿਆ ਹੋਇਆ ਹੈ। ਇਸ ਵਿਚੋਂ 'ਤੁਲ' ਮੂਲ ਜਾਂ ਧਾਤੂ ਹੈ ਅਤੇ ਇਸ ਨਾਲ ਦੋ ਹੋਰ ਵਧੇਰਤ/ਭਾਵੰਸ਼ 'ਨਾ' ਅਤੇ 'ਤਮਕ' ਜੋੜ ਦਿੱਤੇ ਗਏ ਹਨ ਜਿਸ ਨਾਲ ਇਹ ਸ਼ਬਦ (ਤੁਲ+ਨਾ+ਤਮਕ) ਹੋਂਦ ਵਿਚ ਆਉਂਦਾ ਹੈ। 'ਤੁਲ' ਸ਼ਬਦ 'ਤੋਲਣ' ਦਾ ਉਚਾਰੀ ਰੂਪ ਹੈ। 'ਤੁਲ' ਸ਼ਬਦ ਦੇ ਨਾਲ ਪਿਛੇਤਰ 'ਨਾ' ਲਗਾ ਕੇ ਤੁਲਨਾ (ਤੁਲ+ਨਾ) ਸ਼ਬਦ ਦੀ ਉਤਪਤੀ ਹੁੰਦੀ ਹੈ ਜਿਸ ਦਾ ਅਰਥ ਦੋ ਵਿਭਿੰਨ ਮਦਾਂ ਵਿਚਕਾਰ ਟਾਕਰਾ ਕਰਕੇ ਵੇਖਣਾ ਹੈ। ਤੁਲਨਾਤਮਕ ਸ਼ਬਦ ਦੀ ਉਤਪਤੀ ਲਈ 'ਤੁਲਨਾ' ਸ਼ਬਦ ਨਾਲ ਇਸ ਦਾ ਗੁਣ/ਔਗੁਣ ਦਰਸਾਉਣ ਵਾਲਾ ਇਕ ਹੋਰ ਭਾਵਾਂਸ਼/ਪਿਛੇਤਰ 'ਤਮਕ' ਲਗਾਇਆ ਜਾਂਦਾ ਹੈ ਜਿਸ ਨਾਲ ਇਸ ਪੱਧਤੀ ਦਾ ਅਰਥ 'ਤੁਲਨਾ ਕਰਨ ਦੇ ਸੰਦਰਭ ਵਿਚ' ਵਜੋਂ ਕੀਤਾ ਜਾਂਦਾ ਹੈ।

ਤੁਲਨਾਤਮਕ ਅਧਿਐਨ ਲਈ ਅੰਗਰੇਜ਼ੀ ਵਿਚ ਕੰਪੈਰੇਟਿਵ ਸਟੱਡੀ (Comparative Study) ਸ਼ਬਦ ਦਾ ਪ੍ਰਚਲਣ ਹੈ। ਤੁਲਨਾਤਮਕ ਅਧਿਐਨ ਤੋਂ ਪਹਿਲਾਂ ਵਰਤਿਆ ਜਾਂਦਾ ਸ਼ਬਦ ਤੁਲਨਾਤਮਕ ਸਾਹਿਤ ਸੀ। ਪਰ ਵਿਦਵਾਨਾਂ ਅਨੁਸਾਰ, *"ਸਾਹਿਤ ਕੋਈ ਅਧਿਐਨ ਵਿਧੀ ਨਹੀਂ, ਅਧਿਐਨ ਵਸਤੂ ਜਾਂ ਪ੍ਰਗਟਾ ਵਿਧੀ ਹੈ। ਅੱਜ ਸਾਹਿਤ ਦਾ ਭਾਵ ਕਿਸੇ ਵਿਸ਼ੇਸ਼ ਵਿਸ਼ੇ ਨਾਲ ਸੰਬੰਧਤ ਲੇਖਾਂ/ਪੁਸਤਕਾਂ ਦੇ ਸਮੂਹ ਦੇ ਨਾਲ-ਨਾਲ ਸਮੁੱਚਾ ਸਾਹਿਤਕ ਉਤਪਾਦਨ ਜਾਂ ਕਿਸੇ ਦੇਸ਼/ਕਾਲ ਦੀਆਂ ਲਿਖਤਾਂ ਵੀ ਹੈ। ਇਸ ਲਈ ਤੁਲਨਾਤਮਕ ਸਾਹਿਤ ਦੀ ਥਾਂ ਸਾਹਿਤ ਦਾ ਤੁਲਨਾਤਮਕ ਅਧਿਐਨ ਸੰਕੇਤ ਵਰਤਣਾ ਵਧੇਰੇ ਯੋਗ ਹੈ।"*[1]

ਡਿਕਸ਼ਨਰੀ ਆਫ ਲਿਟਰੇਰੀ ਟਰਮਜ਼ ਅਨੁਸਾਰ *ਵਿਭਿੰਨ ਲੋਕਾਂ ਜਾਂ ਰਾਸ਼ਟਰਾਂ ਦੀਆਂ ਸਾਹਿਤਕ ਲਿਖਤਾਂ ਵਿਚਲੇ ਸੰਬੰਧਾਂ, ਵਖਰੇਵਿਆਂ ਅਤੇ ਸਮਾਨਤਾਵਾਂ ਦਾ ਨਿਰੀਖਣ-ਪ੍ਰੀਖਣ ਅਤੇ ਵਿਆਖਿਆ ਤੁਲਨਾਤਮਕ ਸਾਹਿਤ ਜਾਂ ਤੁਲਨਾਤਮਕ ਅਧਿਐਨ ਦੇ ਖੇਤਰ ਵਿਚ ਵਿਚਾਰਿਆ ਜਾਣ ਵਾਲਾ ਕਾਰਜ ਹੁੰਦਾ ਹੈ।*[2] ਪਰਿਭਾਸ਼ਿਕ ਸ਼ਬਦਾਵਲੀ ਸਾਹਿਤ ਕੋਸ਼ ਅਨੁਸਾਰ *"ਕਈ ਵਾਰ ਕਿਸੇ ਕਲਾਕਾਰ ਜਾਂ ਲੇਖਕ ਦੀ ਉਸੇ ਭਾਸ਼ਾ ਦੇ ਕਿਸੇ ਹੋਰ ਲੇਖਕ ਨਾਲ ਤੁਲਨਾ ਕੀਤੀ ਜਾਂਦੀ ਹੈ। ਇਹ ਤੁਲਨਾ ਦੋ ਵੱਖਰੀਆਂ ਵੱਖਰੀਆਂ ਭਾਸ਼ਾਵਾਂ ਵਿਚ ਲਿਖਣ ਵਾਲੇ ਲੇਖਕਾਂ ਵਿਚਕਾਰ ਵੀ ਹੋ ਸਕਦੀ ਹੈ। ਅਜਿਹੀ ਆਲੋਚਨਾ ਨੂੰ ਤੁਲਨਾਤਮਕ ਆਲੋਚਨਾ ਆਖਦੇ ਹਨ।"*[3] ਰੈਨੇ ਵੈਲਕ ਅਨੁਸਾਰ, *"ਤੁਲਨਾਤਮਕ ਸਾਹਿਤ ਸਾਰੀਆਂ ਸਾਹਿਤਕ ਕਿਰਤਾਂ ਅਤੇ ਸਾਹਿਤਕ ਤਜ਼ਰਬਿਆਂ ਦੀ ਏਕਤਾ ਨੂੰ ਅਵਚੇਤਨ ਵਿਚ ਰੱਖ ਕੇ ਅੰਤਰਰਾਸ਼ਟਰੀ ਨਜ਼ਰੀਏ ਤੋਂ ਸਾਹਿਤ ਦੇ ਸਾਰੇ ਰੂਪਾਂ ਦਾ ਅਧਿਐਨ ਕਰਨਾ ਹੈ।"*[4] ਹੈਨਰੀ ਰੇਮਾਕ ਅਨੁਸਾਰ, *"ਤੁਲਨਾਤਮਕ ਸਾਹਿਤ ਕਿਸੇ ਦੇਸ਼ ਦੀਆਂ ਸੀਮਾਵਾਂ ਤੋਂ ਪਾਰ ਜਾ ਕੇ ਸਾਹਿਤ ਦਾ ਅਧਿਐਨ ਕਰਨਾ ਹੈ ਅਤੇ ਇਕ ਪਾਸੇ ਇਹ ਦੋ ਸਾਹਿਤਕ ਲਿਖਤਾਂ ਵਿਚ ਸੰਬੰਧ ਸਥਾਪਤ ਕਰਨਾ ਹੈ ਅਤੇ ਦੂਜੇ ਪਾਸੇ ਸਾਹਿਤ ਦਾ ਗਿਆਨ ਦੇ ਹੋਰ ਖੇਤਰਾਂ ਅਤੇ ਸੰਕਲਪਾਂ ਜਿਵੇਂ ਕਿ ਕਲਾਵਾਂ (ਚਿਤਰਕਾਰੀ, ਬੁੱਤ ਤਰਾਸ਼ੀ, ਇਮਾਰਤਸਾਜ਼ੀ ਅਤੇ ਸੰਗੀਤ), ਦਰਸ਼ਨ, ਇਤਿਹਾਸ ਅਤੇ ਸਮਾਜ ਸ਼ਾਸਤਰ (ਜਿਵੇਂ ਰਾਜਨੀਤੀ, ਅਰਥ-ਵਿਵਸਥਾ, ਸਮਾਜ ਵਿਗਿਆਨ), ਵਿਗਿਆਨ ਦੇ ਹੋਰ ਖੇਤਰਾਂ ਅਤੇ ਧਰਮ ਆਦਿ ਨਾਲ ਸੰਬੰਧ ਸਥਾਪਤ ਕਰਨਾ ਹੈ। ਸੰਖੇਪ ਵਿਚ ਇਹ ਸਾਹਿਤ ਦਾ ਸਾਹਿਤ*

*ਨਾਲ ਜਾਂ ਹੋਰ ਸਮਾਜਾਂ ਦੇ ਸਾਹਿਤ ਨਾਲ ਹੋਣ ਵਾਲੀ ਤੁਲਨਾ ਹੈ ਅਤੇ ਇਹ ਸਾਹਿਤ ਦੀ ਮਨੁੱਖੀ ਗਿਆਨ ਦੇ ਹੋਰ ਖੇਤਰਾਂ ਨਾਲ ਤੁਲਨਾ ਹੈ।"* [5] ਹਰਚੰਦ ਸਿੰਘ ਬੇਦੀ ਅਨੁਸਾਰ, *"ਤੁਲਨਾਤਮਕ ਸਾਹਿਤ ਇਕ ਸੁਤੰਤਰ ਅਨੁਸ਼ਾਸਨ ਹੈ ਜਿਸ ਵਿਚ ਵਿਭਿੰਨ ਭਾਸ਼ਾਵਾਂ ਵਿਚ ਰਚਿਤ ਸਾਹਿਤਾਂ ਦੀ ਵਿਆਪਕ ਪਹਿਚਾਣ ਪ੍ਰਾਪਤ ਕਰਨ ਦਾ ਉੱਦਮ ਕੀਤਾ ਜਾਂਦਾ ਹੈ। ਇਸ ਕਾਰਜ ਦੀ ਸਿੱਧੀ ਲਈ ਬਹੁ ਖੇਤਰੀ ਗਿਆਨ ਤੇ ਅਨੁਭਵ ਪਹਿਲੀ ਤੇ ਲਾਜ਼ਮੀ ਸ਼ਰਤ ਹੈ। ਸਾਂਸਕ੍ਰਿਤਕ ਤੇ ਕਲਾਤਮਕ ਮੁੱਲਾਂ ਅਤੇ ਸੰਸਾਰ ਦ੍ਰਿਸ਼ਟੀ ਦੀ ਗਹਿਰੀ ਪਛਾਣ ਇਸ ਗਿਆਨ ਤੇ ਅਨੁਭਵ ਦਾ ਅਟੁੱਟ ਹਿੱਸਾ ਬਣਦਾ ਹੈ। ਇਹ ਕਾਰਜ ਕੇਵਲ ਵਿਭਿੰਨ ਭਾਸ਼ਾਵਾਂ ਵਿਚ ਰਚੇ ਸਾਹਿਤਾਂ ਦੀ ਤੁਲਨਾ ਨਾਲ ਹੀ ਨਹੀਂ ਸਗੋਂ ਮਾਨਵੀ ਗਿਆਨ, ਅਨੁਭਵ, ਵਿਸ਼ੇਸ਼ ਰੂਪ ਵਿਚ ਕਲਾਤਮਕ ਅਤੇ ਵਿਚਾਰਧਾਰਕ ਖੇਤਰਾਂ ਦੇ ਨਾਲ ਤੁਲਨਾ ਦੁਆਰਾ ਸੰਭਵ ਹੋ ਸਕਦਾ ਹੈ ਅਤੇ ਜਿਸ ਵਿਚ ਸਾਂਸਕ੍ਰਿਤਕ ਧੁਨ ਜੀਵੰਤ ਰੂਪ ਵਿਚ ਵਿਦਮਾਨ ਰਹਿੰਦੀ ਹੈ। ਤੁਲਨਾਤਮਕ ਸਾਹਿਤ ਦੇ ਅਧਿਐਨ ਵਿਚ ਆਂਚਲਿਕਤਾ, ਭੂਗੋਲਿਕਤਾ ਅਤੇ ਵਿਚਾਰਕ ਜਾਤੀ-ਗਤਤਾ (Generically) ਦੇ ਆਧਾਰ ਨਾਲ ਸਾਹਿਤ ਦੇ ਵਿਸ਼ਲੇਸ਼ਣ ਦਾ ਪ੍ਰਸਾਰ ਹੁੰਦਾ ਹੈ।"* [6]

ਇਸ ਤਰ੍ਹਾਂ 'ਤੁਲਨਾਤਮਕ ਅਧਿਐਨ' ਦਾ ਬੁਨਿਆਦੀ ਕੰਮ ਸਾਹਿਤਕ ਲਿਖਤਾਂ ਵਿਚ ਕਾਰਜਸ਼ੀਲ ਜੁਗਤ ਪ੍ਰਬੰਧ ਅਤੇ ਸਾਹਿਤ ਸਿਧਾਂਤਾਂ ਦੀ ਤੁਲਨਾਤਮਕ ਨਜ਼ਰੀਏ ਤੋਂ ਵਿਆਖਿਆ ਕਰਨਾ ਹੈ। ਇਸ ਦਾ ਦੂਜਾ ਕੰਮ ਸਾਹਿਤਕ ਪਾਠਾਂ ਦੇ ਵਿਸ਼ੇ-ਵਸਤੂ ਦੀ ਤੁਲਨਾ ਕਰਨਾ ਹੈ। ਤੁਲਨਾਤਮਕ ਅਧਿਐਨ ਨੂੰ ਸਿਧਾਤਬੱਧ ਕਰਨ ਵਾਲੇ ਹੁਣ ਤੱਕ ਫਰੈਂਚ-ਜਰਮਨ ਸਕੂਲ, ਅਮਰੀਕੀ ਸਕੂਲ ਅਤੇ ਰੂਸੀ ਸਕੂਲ ਸਾਹਮਣੇ ਆਏ ਹਨ।

ਸਿਧਾਂਤਕ ਪੱਧਰ 'ਤੇ 'ਤੁਲਨਾਤਮਕ ਅਧਿਐਨ' ਦੀ ਵਰਤੋਂ ਵੀਹਵੀਂ ਸਦੀ ਦੇ ਆਰੰਭ ਵਿਚ ਹੀ ਸ਼ੁਰੂ ਹੋਈ ਹੈ। ਇਸ ਦੀ ਸਿਧਾਂਤਕਾਰੀ ਦਾ ਇਤਿਹਾਸ 100 ਸਾਲ ਤੋਂ ਪਿੱਛੇ ਨਹੀਂ ਜਾ ਸਕਦਾ। ਸ਼ੁਰੂਆਤ ਵਿਚ ਤੁਲਨਾਤਮਕ ਸਾਹਿਤ ਦਾ ਕੇਂਦਰ ਫਰਾਂਸ ਨੂੰ ਮੰਨਿਆ ਜਾਂਦਾ ਹੈ। ਭਾਰਤ ਵਿਚ ਵਿਹਾਰਕ ਰੂਪ ਵਿਚ ਇਸ ਦੀਆਂ ਜੜ੍ਹਾਂ ਭਾਰਤ ਦੇ ਮੱਧਕਾਲੀ ਸਾਹਿਤ ਵਿਚ ਹੀ ਪਈਆਂ ਹੋਈਆਂ ਹਨ। ਤੁਲਨਾਤਮਕ ਅਧਿਐਨ ਦੇ ਕਾਰਜ ਨੂੰ ਮਹਾਂਭਾਰਤ ਦੇ ਰਚਨਾ ਕਾਲ ਤੱਕ ਲਿਜਾ ਕੇ ਵੇਖਿਆ ਜਾ ਸਕਦਾ ਹੈ। ਮਹਾਂਭਾਰਤ ਦੀ ਇਕ ਮਿਥਿਹਾਸਕ ਪਾਤਰ 'ਸ਼ਕੁੰਤਲਾ' ਨੂੰ ਆਧਾਰ ਬਣਾ ਕੇ ਬਾਅਦ ਵਿਚ ਕੁਝ ਸਾਹਿਤਕਾਰਾਂ ਨੇ ਆਪਣੀਆਂ ਰਚਨਾਵਾਂ ਕੀਤੀਆਂ ਜਿਵੇਂ ਕਾਲੀਦਾਸ ਦਾ ਨਾਟਕ ਸ਼ਕੁੰਤਲਾ (ਅਭਿਗਯਾਨ ਸ਼ਕੁੰਤਲਮ)। ਇਹ ਤੁਲਨਾਤਮਕ ਸਾਹਿਤ ਜਾਂ ਤੁਲਨਾਤਮਕ ਅਧਿਐਨ ਦੀ ਇਕ ਅਨੋਖੀ ਅਤੇ ਵਚਿੱਤਰ ਉਦਾਹਰਨ ਹੈ। ਪ੍ਰਸਿੱਧ ਇਤਿਹਾਸਕਾਰ ਅਤੇ ਇਤਿਹਾਸ ਸ਼ਾਸਤਰੀ ਰੋਮੀਲਾ ਥਾਪਰ ਦੇ ਇਸ ਬਾਰੇ ਵਿਚਾਰ ਹਨ ਕਿ, *"ਅਖਿਆਨਾਂ ਵਿਚ ਸ਼ਕੁੰਤਲਾ ਇਕ ਨਾਇਕ ਦੀ ਮਾਂ, ਮਹਾਂਭਾਰਤ ਵਿਚ ਸਵੈ-ਨਿਰਭਰ ਇਸਤਰੀ ਹੈ, ਕਾਲੀਦਾਸ ਦੇ ਨਾਟਕ ਵਿਚ ਉਹ ਸਵਰਨ ਜਾਤੀ ਦੇ ਉੱਚੇ ਸਭਿਆਚਾਰ ਲਈ ਇਕ ਰੁਮਾਂਸਵਾਦੀ, ਆਦਰਸ਼ਵਾਦੀ ਇਸਤਰੀ ਹੈ, ਉਸ ਤੋਂ ਬਾਅਦ ਜਰਮਨ ਦੇ ਰੋਮਾਂਸਵਾਦੀ ਨਜ਼ਰੀਏ ਤੋਂ ਕੁਦਰਤ ਦੀ ਧੀ ਵਜੋਂ ਪੇਸ਼ ਹੁੰਦੀ ਹੈ ਅਤੇ ਭਾਰਤੀ ਰਾਸ਼ਟਰਵਾਦੀ ਨਜ਼ਰੀਏ ਤੋਂ ਉਹ ਇਕ ਹਿੰਦੂ ਆਦਰਸ਼ ਪਤਨੀ ਵਜੋਂ ਪੇਸ਼ ਹੁੰਦੀ ਹੈ।"* [7]

ਪੰਜਾਬੀ ਸਾਹਿਤ ਦੀਆਂ ਚਾਰ ਮੱਧਕਾਲੀ ਪ੍ਰਮੁੱਖ ਧਾਰਾਵਾਂ ਗੁਰਮਤਿ ਕਾਵਿ, ਸੂਫ਼ੀ ਕਾਵਿ, ਬੀਰ ਕਾਵਿ ਅਤੇ ਕਿੱਸਾ ਕਾਵਿ ਵਿਚ ਤੁਲਨਾਤਮਕ ਸਾਹਿਤ ਸਿਰਜਣਾ ਅਤੇ ਤੁਲਨਾਤਮਕ ਅਧਿਐਨ ਦੀ ਮੌਜੂਦਗੀ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਮੱਧਕਾਲੀ ਪੰਜਾਬੀ ਸਾਹਿਤ ਜਗਤ ਦੀ ਮਹਾਨ ਰਚਨਾ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਸੰਪਾਦਨਾ ਦਾ ਆਧਾਰ ਤੁਲਨਾਤਮਕ ਵਿਧੀ ਹੀ ਸੀ। ਇਸ ਗ੍ਰੰਥ ਦੇ ਸੰਪਾਦਕ ਨੇ ਵਿਭਿੰਨ ਬਾਣੀਕਾਰਾਂ ਦੀ ਬਾਣੀ ਨੂੰ ਤੁਲਨਾਤਮਕ ਵਿਧੀ ਅਤੇ ਤੁਲਨਾਤਮਕ ਨਜ਼ਰੀਏ ਨਾਲ ਪਰਖਿਆ ਅਤੇ ਸੰਪਾਦਤ ਕੀਤਾ। ਡਾ. ਹਰਿਭਜਨ ਸਿੰਘ ਦਾ ਵਿਚਾਰ ਹੈ ਕਿ, *"ਆਦਿ ਗ੍ਰੰਥ ਨੂੰ, ਬਿਨਾ ਵਿਵਾਦ, ਪ੍ਰਥਮ ਭਾਰਤੀ ਤੁਲਨਾਤਮਕ ਬਾਣੀ-ਸੰਗ੍ਰਹਿ ਕਿਹਾ ਜਾ ਸਕਦਾ ਹੈ, ਜੋ ਭਾਸ਼ਾਈ ਤੇ ਇਲਾਕਾਈ ਸਰਹੱਦਾਂ ਨੂੰ ਸਹਿਜੇ ਹੀ ਉਲੰਘਦਾ ਵੀ ਹੈ ਤੇ ਪਰੰਪਰਾ ਦੀ ਨਿਰੰਤਰਤਾ ਵੱਲ ਸੰਕੇਤ ਵੀ ਕਰਦਾ ਹੈ।"* [8] ਇਸੇ ਤਰ੍ਹਾਂ 'ਕਿੱਸਾ ਕਾਵਿ' ਦੇ ਕਵੀਆਂ ਨੇ ਵੀ ਤੁਲਨਾਤਮਕ ਵਿਧੀ ਰਾਹੀਂ ਆਪਣੀਆਂ ਰਚਨਾਵਾਂ ਦਾ ਵਿਸ਼ਾ-ਵਸਤੂ ਪੇਸ਼ ਕੀਤਾ ਹੈ।

(ਤਿੰਨ)

ਇਸ ਅਧਿਐਨ ਕਾਰਜ ਵਿਚ ਤੁਲਨਾਤਮਕ ਅਧਿਐਨ ਦੇ ਸਿਧਾਂਤਕ ਨੇਮਾਂ ਨੂੰ ਧਿਆਨ ਵਿਚ ਰੱਖਦੇ ਹੋਏ ਰੱਥਲੇ ਤਿੰਨ ਨਾਵਲਾਂ ਵਿਚ ਮਹਾਰਾਜਾ ਰਣਜੀਤ ਸਿੰਘ ਰਾਜ ਦੇ ਅੰਤ ਦੇ ਕਾਰਨਾਂ ਦੀ ਪੇਸ਼ਕਾਰੀ ਨੂੰ ਤੁਲਨਾਇਆ ਗਿਆ ਹੈ। ਇਹਨਾਂ ਵਿਚੋਂ 'ਯੁੱਗ-ਅੰਤ' ਨਾਵਲ ਦੇ ਲੇਖਕ ਮਨਮੋਹਨ ਬਾਵਾ ਦੇ ਸਾਰੇ ਇਤਿਹਾਸਕ ਨਾਵਲ ਅਤੀਤ ਦੀਆਂ ਸਫ਼ਾਂ ਵਿਚ ਗੁਆਚ ਚੁੱਕੇ ਇਤਿਹਾਸ ਨੂੰ ਅਤੇ ਕੌਮਾਂ ਦੇ ਗੌਰਵਸ਼ਾਲੀ ਇਤਿਹਾਸ ਨੂੰ ਪੇਸ਼ ਕਰਦੀਆਂ ਰਚਨਾਵਾਂ ਹਨ। ਇਸ ਨੁਕਤੇ ਤੋਂ 'ਯੁੱਗ-ਅੰਤ' ਨਾਵਲ ਰਾਹੀਂ ਜਿੱਥੇ ਮਨਮੋਹਨ ਬਾਵਾ ਖ਼ਾਲਸਾ ਰਾਜ ਨੂੰ ਪੰਜਾਬੀਆਂ ਲਈ ਇਕ ਗੌਰਵਸ਼ਾਲੀ ਕਾਲਖੰਡ ਵਜੋਂ ਦੇਖਦਾ ਹੈ ਉਥੇ ਰਣਜੀਤ ਸਿੰਘ ਵੱਲੋਂ ਆਪਣੀਆਂ ਜ਼ਿੰਮੇਵਾਰੀਆਂ ਤੋਂ ਮੁਨਕਰ ਹੋਣ ਬਾਰੇ ਵੀ ਚਰਚਾ ਛੇੜਦਾ ਹੈ। ਇਹ ਨਾਵਲ ਖ਼ਾਲਸਾ ਰਾਜ ਦੇ ਅੰਤ ਦੇ ਕਾਰਨਾਂ ਅਤੇ ਅੰਤ ਉਪਰੰਤ ਸਿੱਖ ਰਾਜ ਦੀਆਂ ਗਤੀਵਿਧੀਆਂ ਨੂੰ ਚਿਹਨਿਤ ਕਰਦੀ ਰਚਨਾ ਹੈ। ਇਸ ਨਾਵਲ ਦੀ ਕਥਾ ਵਾਰਤਾ ਇਸ ਗੱਲ ਵੱਲ ਇਸ਼ਾਰਾ ਕਰਦੀ ਹੈ ਕਿ ਖ਼ਾਲਸਾ ਰਾਜ ਦੇ ਵਿਸਥਾਰ ਅਤੇ ਰਾਜ ਦੀ ਮਜ਼ਬੂਤੀ ਲਈ ਮਹਾਰਾਜਾ ਰਣਜੀਤ ਸਿੰਘ ਦੇ ਸੰਘਰਸ਼ ਦੇ ਬਾਵਜੂਦ ਆਖਰ ਸਿੱਖਾਂ ਦੇ ਇਸ ਸੁਨਹਿਰੀ ਯੁੱਗ ਦਾ ਅੰਤ ਕਿਵੇਂ ਹੋ ਗਿਆ? ਇਹ ਨਾਵਲ ਉਸ ਕਾਲ ਦੀਆਂ ਰਾਜਸੀ ਗਤੀਵਿਧੀਆਂ ਅਤੇ ਸਮਾਜਕ ਉਥਲ-ਪੁਥਲ ਵੱਲ ਸੰਕੇਤ ਕਰਦਾ ਹੈ। ਇਸ ਨਾਵਲ ਰਾਹੀਂ ਮਹਾਰਾਜਾ ਰਣਜੀਤ ਸਿੰਘ ਦੇ ਵਿਅਕਤਿਤਵ ਨਾਲ ਜੁੜੀਆਂ ਖਾਮੀਆਂ ਅਤੇ ਗੁਣਾਂ ਦੇ ਸੁਮੇਲ ਨੂੰ ਪੇਸ਼ ਕੀਤਾ ਗਿਆ ਹੈ।

ਖ਼ਾਲਸਾ ਰਾਜ ਦੇ ਇਤਿਹਾਸ ਨੂੰ ਦਰਸਾਉਂਦੀਆਂ ਇਤਿਹਾਸਕ ਲਿਖਤਾਂ ਦੇ ਲੇਖਕਾਂ ਦੀਆਂ ਦੋ ਕੋਟੀਆਂ ਹਨ। ਇਕ ਕੋਟੀ ਦੇ ਲੇਖਕ ਮੰਨਦੇ ਹਨ ਕਿ ਰਣਜੀਤ ਸਿੰਘ ਦੀ ਮੌਤ ਉਪਰੰਤ ਉਸ ਦੇ ਰਾਜ ਦੇ ਕੇਵਲ ਦਸਾਂ ਸਾਲਾਂ ਵਿਚ ਸਮਾਪਤ ਹੋ ਜਾਣ ਦੇ ਅਹਿਮ ਕਾਰਨ ਮਹਾਰਾਜਾ ਰਣਜੀਤ ਸਿੰਘ ਦੇ ਵਿਅਕਤਿਤਵ ਨਾਲ ਜੁੜੇ ਹੋਏ ਹਨ। ਇਸ ਕੋਟੀ ਦੇ ਲੇਖਕਾਂ ਨੇ ਖ਼ਾਲਸਾ ਰਾਜ ਨੂੰ ਸਿੱਖ ਰਾਜ ਜਾਂ ਖ਼ਾਲਸਾ ਰਾਜ ਨੂੰ ਮੰਨਣ ਤੋਂ ਮਨ੍ਹਾਂ ਕੀਤਾ ਅਤੇ ਰਣਜੀਤ ਸਿੰਘ ਦੇ ਅਸਤਿਤਵ ਨੂੰ ਖ਼ਾਲਸਾਈ ਅਸਤਿਤਵ ਨਾਲੋਂ ਤੋੜ ਕੇ ਅਤੇ ਉਸ ਨੂੰ ਇਕ ਵਿਸਥਾਰਵਾਦੀ ਅਤੇ ਤਾਨਾਸ਼ਾਹੀ ਰਾਜੇ ਵਜੋਂ ਵੇਖਿਆ। ਦੂਸਰੀ ਕੋਟੀ ਦੇ ਲੇਖਕ ਮਹਾਰਾਜਾ ਰਣਜੀਤ ਸਿੰਘ ਦੇ ਵਿਅਕਤਿਤਵ ਨੂੰ ਬਹੁਤ ਜ਼ਿਆਦਾ ਆਦਰਸ਼ਵਾਦੀ ਦੱਸਦੇ ਹਨ ਅਤੇ ਇਸ ਰਾਜ ਨੂੰ ਮਜ਼ਬੂਤ ਰਾਜ ਦੱਸਦੇ ਹਨ। ਇਸ ਕੋਟੀ ਵਿਚ ਜਾਂ ਤਾਂ ਪੱਛਮੀ ਇਤਿਹਾਸਕਾਰ ਹਨ ਜਿਨ੍ਹਾਂ ਨੇ ਇਸ ਰਾਜ ਨੂੰ ਵਡਿਆ ਕੇ ਪੱਛਮੀਆਂ ਨੂੰ ਮਹਿਮਾਮਈ ਬਣਾ ਕੇ ਪੇਸ਼ ਕੀਤਾ ਅਤੇ ਜਾਂ ਸਿੱਖ ਇਤਿਹਾਸਕਾਰ ਹਨ ਜਿਨ੍ਹਾਂ ਨੇ ਇਸ ਰਾਜ ਨੂੰ ਖ਼ਾਲਸਾ ਰਾਜ ਕਹਿ ਕੇ

ਵਡਿਆਇਆ ਅਤੇ ਮਹਾਰਾਜਾ ਰਣਜੀਤ ਸਿੰਘ ਨੂੰ ਇਕ ਮਹਾਂਨਾਇਕ ਬਣਾ ਕੇ ਪੇਸ਼ ਕੀਤਾ।

ਇਹ ਸਵਾਲ ਨਾਵਲ 'ਯੁੱਗ-ਅੰਤ' ਦਾ ਬੁਨਿਆਦੀ ਸਵਾਲ ਹੈ ਕਿ ਹਰ ਪੱਖ ਤੋਂ ਮਜ਼ਬੂਤ ਹੋਣ ਦੇ ਬਾਵਜੂਦ ਇਸ ਰਾਜ ਦਾ ਪਤਨ ਕਿਉਂ ਹੋਇਆ? ਸ਼ਾਹ ਮੁਹੰਮਦ ਜੋ ਕਿ ਰਣਜੀਤ ਸਿੰਘ ਕਾਲ ਦਾ ਨਾਮਵਰ ਕਵੀ ਹੈ ਨੇ ਆਪਣੀ ਕਿਰਤ 'ਜੰਗਨਾਮਾ ਸਿੰਘਾਂ ਅਤੇ ਫ਼ਿਰੰਗੀਆਂ' ਵਿਚ ਇਸ ਪਤਨ ਦੇ ਕੇਵਲ ਰਾਜਨੀਤਕ ਪਹਿਲੂਆਂ ਵੱਲ ਹੀ ਇਸ਼ਾਰਾ ਕੀਤਾ ਹੈ। ਮਨਮੋਹਨ ਬਾਵਾ ਨੇ ਹੱਥਲੇ ਨਾਵਲ ਰਾਹੀਂ ਰਾਜਨੀਤਕ ਪਹਿਲੂਆਂ ਦੇ ਨਾਲ-ਨਾਲ ਰਣਜੀਤ ਸਿੰਘ ਦੀਆਂ ਚਰਿੱਤਰਕ ਖਾਮੀਆਂ, ਅੰਗਰੇਜ਼ਾਂ ਦੀ ਕੂਟਨੀਤੀ, ਸਿੱਖ ਸਰਦਾਰਾਂ ਦਾ ਕਿਰਦਾਰ ਅਤੇ ਗਦਾਰੀਆਂ, ਸ਼ਾਹੀ ਘਰਾਣੇ ਦਾ ਅੰਦਰੂਨੀ ਖੋਖਲਾਪਣ, ਸਮਾਜਿਕ ਸਥਿਤੀਆਂ/ਪ੍ਰਸਥਿਤੀਆਂ ਆਦਿ ਕੁੱਝ ਪਹਿਲੂਆਂ ਵੱਲ ਇਸ਼ਾਰਾ ਕੀਤਾ ਹੈ। ਬਾਵਾ ਦੇ ਇਸ ਨਾਵਲ ਦੇ ਨਾਇਕ ਮਹਾਰਾਜੇ, ਰਾਜੇ, ਮੰਤਰੀ, ਸੈਨਾਪਤੀ ਆਦਿ ਨਹੀਂ ਹਨ ਸਗੋਂ ਆਮ ਲੋਕ ਹਨ ਜਿਨ੍ਹਾਂ ਨੇ ਖ਼ਾਲਸਾ ਰਾਜ ਦੀ ਅਧੋਗਤੀ ਦੇ ਯੁਗ ਦੌਰਾਨ ਆਪਣੀ ਹੋਂਦ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ ਅਤੇ ਸੰਘਰਸ਼ ਕੀਤਾ। ਇਹ ਲੋਕ ਰਾਜ ਦੀ ਅਧੋਗਤੀ ਦੇ ਚਸ਼ਮਦੀਦ ਗਵਾਹ ਵੀ ਹਨ।

ਮਾਰਕਸਵਾਦੀ ਨਜ਼ਰੀਏ ਤੋਂ ਕੁਝ ਇਤਿਹਾਸਕਾਰ ਇਹ ਮੰਨਦੇ ਹਨ ਕਿ ਜਿਵੇਂ ਸਾਮੰਤਵਾਦ ਦਾ ਪੂੰਜੀਵਾਦੀ ਵਿਵਸਥਾ ਵਿਚ ਰੂਪਾਂਤਰਣ ਹੋਣਾ ਤੈਅ ਹੁੰਦਾ ਹੈ ਇਸੇ ਤਰ੍ਹਾਂ ਉਹ ਖ਼ਾਲਸਾ ਰਾਜ ਨੂੰ ਸਾਮੰਤਸ਼ਾਹੀ ਦਾ ਸਿਖਰ ਮੰਨਦੇ ਹੋਏ ਇਹ ਵਿਚਾਰ ਦਿੰਦੇ ਹਨ ਕਿ ਰਣਜੀਤ ਸਿੰਘ ਦੀ ਥਾਂ ਭਾਵੇਂ ਹੋਰ ਕੋਈ ਵੀ ਹੁੰਦਾ ਉਸ ਦੇ ਰਾਜ ਦਾ ਖਾਤਮਾ ਵੀ ਤੈਅ ਸੀ। ਭਾਵੇਂ ਇਹਨਾਂ ਗੱਲਾਂ ਦਾ ਇਸ ਨਾਵਲ ਵਿਚ ਜਿਕਰ ਨਹੀਂ ਹੈ ਪਰ ਮਨਮੋਹਨ ਬਾਵਾ ਦੇ ਨਜ਼ਰੀਏ ਤੋਂ ਵੀ ਇਸ ਰਾਜ ਦਾ ਪਤਨ ਤੈਅ ਹੀ ਸੀ ਭਾਵੇਂ ਉਸ ਦੇ ਕਾਰਨ ਬਾਵਾ ਨੇ ਕੁਝ ਹੋਰ ਸੁਝਾਏ ਹਨ। ਬਾਵਾ ਨੇ ਖ਼ਾਲਸਾ ਰਾਜ ਦੇ ਉਦੈ ਹੋਣ ਦਾ ਕਾਰਨ ਅਤੇ ਖਤਮ ਹੋਣ ਦਾ ਕਾਰਨ ਇਤਿਹਾਸਕ ਵੇਗ ਨੂੰ ਸਮਝਿਆ ਹੈ। ਨਾਵਲ ਵਿਚਲੀ ਇਹ ਕਥਾ ਟਿੱਪਣੀ ਨਾਵਲਕਾਰ ਦਾ ਨਜ਼ਰੀਆ ਵੀ ਹੈ ਅਤੇ ਖ਼ਾਲਸਾ ਰਾਜ ਦੀ ਸਚਾਈ ਵੀ। *"ਇਸ ਦੀ ਖ਼ੁਸ਼ਕਿਸਮਤੀ ਇਹ ਕਿ ਉਹ ਇਤਿਹਾਸ ਦੇ ਉਸ ਮੋੜ 'ਤੇ ਆ ਕੇ ਪੈਦਾ ਹੋਇਆ ਜਦ ਤੱਕ ਮੁਗ਼ਲੀਆ ਹਕੂਮਤ ਤਕਰੀਬਨ ਖ਼ਤਮ ਹੋ ਚੁੱਕੀ ਸੀ ਅਤੇ ਸਿੱਖ ਕੌਮ ਆਪਣੇ ਆਪ 'ਚ ਇਕ ਤਾਕਤ ਬਣ ਚੁੱਕੀ ਸੀ, ਉਹ ਤਾਕਤ ਜਿਸ ਦਾ ਬੂਟਾ ਬੰਦਾ ਸਿੰਘ ਬਹਾਦਰ ਨੇ ਲਾਇਆ, ਮਿਸਲਾਂ ਨੇ ਪਰਵਾਨ ਚਾੜ੍ਹਿਆ ਅਤੇ ਰਣਜੀਤ ਸਿੰਘ ਨੇ ਉਸ ਦਾ ਪੂਰਾ ਫ਼ਾਇਦਾ ਉਠਾਇਆ"* [9] ਬਾਵਾ ਦੇ ਇਹ ਵਿਚਾਰ ਇਤਿਹਾਸਕ ਪੇਸ਼ਕਾਰੀ ਦੀ ਮਾਰਕਸਵਾਦੀ ਪਹੁੰਚ ਨੂੰ ਦਰਸਾਉਂਦੇ ਹਨ।

'ਯੁੱਗ-ਅੰਤ' ਨਾਵਲ ਸਿੱਖ ਇਤਿਹਾਸਕਾਰਾਂ ਦੀਆਂ ਉਹਨਾਂ ਧਾਰਨਾਵਾਂ ਨੂੰ ਵੀ ਨਕਾਰਦਾ ਹੈ ਜਿਹੜੇ ਇਸ ਸ਼ਾਸਨ ਕਾਲ ਨੂੰ ਮਹਿਮਾਮਈ (Glorify) ਬਣਾ ਕੇ ਇਸ ਨੂੰ ਸਿੱਖ ਰਾਜ ਜਾਂ ਖ਼ਾਲਸਾ ਰਾਜ ਨਾਲ ਜੋੜ ਦਿੰਦੇ ਹਨ। ਇਸ ਨਾਲ ਉਹ ਇਸ ਰਾਜ ਪ੍ਰਤੀ ਉਪਭਾਵੁਕਤਾ ਪੈਦਾ ਕਰਕੇ ਉਸ ਦੀਆਂ ਖਾਮੀਆਂ ਨੂੰ ਲੁਕੋ ਲੈਣ ਦਾ ਯਤਨ ਕਰਦੇ ਹਨ। ਪਰ ਮਨਮੋਹਨ ਬਾਵਾ ਨੇ ਇਤਿਹਾਸ ਦੀ ਨਿਰਪੱਖ ਪੇਸ਼ਕਾਰੀ ਦਾ ਦਾਅਵਾ ਕੀਤਾ ਹੈ। ਉਸ ਦੀ ਇਹ ਟਿੱਪਣੀ ਵਿਚਾਰੀ ਜਾ ਸਕਦੀ ਹੈ, *"ਨਾਵਲ ਦੇ ਬਿਰਤਾਂਤ ਨੂੰ ਹੁਕਮਰਾਨ ਜਮਾਤ ਦੀਆਂ ਗਤੀਵਿਧੀਆਂ ਅਤੇ ਲੜਾਈਆਂ ਤਕ ਸੀਮਤ ਨਾ ਰੱਖਕੇ ਆਮ ਲੋਕਾਂ, ਆਮ ਸਿਪਾਹੀਆਂ, ਗ਼ੈਰ ਸਿੱਖਾਂ (ਖਾਸ ਕਰਕੇ ਮੁਸਲਮਾਨਾਂ ਅਤੇ ਪਠਾਣਾਂ) ਦੀ ਭੂਮਿਕਾ ਅਤੇ ਮਾਨਸਿਕਤਾ ਰਾਹੀਂ ਸੱਚ ਤੱਕ ਪਹੁੰਚਣ ਦਾ ਯਤਨ ਕੀਤਾ ਹੈ।"* [10]

ਨਾਵਲ ਦਾ ਸਿਰਲੇਖ ਹੀ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਦੇ ਨਾਲ-ਨਾਲ ਇਕ ਯੁੱਗ (ਪੰਜਾਬ ਰਾਜ) ਦੇ ਅੰਤ ਵੱਲ ਇਸ਼ਾਰਾ ਕਰਦਾ ਹੈ। ਇਸ ਨਾਵਲ ਦੇ ਥੀਮ ਅਨੁਸਾਰ ਖ਼ਾਲਸਾ ਰਾਜ ਕੇਵਲ ਅੰਗਰੇਜ਼ਾਂ ਦੀਆਂ ਕੂਟਨੀਤੀਆਂ ਅਤੇ ਕੋਹਝੀਆਂ ਚਾਲਾਂ ਕਰਕੇ ਹੀ ਨਹੀਂ ਸਗੋਂ ਸਿੱਖ ਆਗੂਆਂ ਵਿਚ ਦੂਰਅੰਦੇਸ਼ੀ ਦੀ ਕਮੀ, ਸ਼ਾਹੀ ਘਰਾਣੇ ਦੀ ਆਪਸੀ ਫੁੱਟ ਤੇ ਗ੍ਰਹਿ ਕਲੇਸ਼, ਰਾਜਿਆਂ ਦੀਆਂ ਵਧਦੀਆਂ ਅਕਾਂਖਿਆਵਾਂ ਅਤੇ ਅਯਾਸ਼ੀਆਂ ਆਦਿ ਇਸ ਰਾਜ ਦੇ ਪਤਨ ਦੇ ਅਹਿਮ ਕਾਰਨ ਹਨ। ਇਸ ਨਾਵਲ ਵਿਚ ਪੇਸ਼ ਵਿਚਾਰਾਂ ਅਨੁਸਾਰ ਇਹ ਸਾਰੇ ਮੁੱਦੇ ਇਕ ਸਿੱਖ ਚਰਿੱਤਰ ਵਾਲੇ ਮਨੁੱਖ ਨਾਲ ਨਹੀਂ ਜੋੜੇ ਜਾ ਸਕਦੇ। ਇਥੇ ਦੇਖਣ ਯੋਗ ਗੱਲ ਇਹ ਹੈ ਕਿ ਸਿੱਖ ਸਰਦਾਰ ਵਿਚਾਰਧਾਰਕ ਪੱਧਰ 'ਤੇ ਰਾਜ ਵਿਸਥਾਰ ਕਰਦੇ ਹੋਏ ਇਕ ਮਹੱਤਵਾਕਾਂਖੀ ਸਮਰਾਟ ਵਾਂਗ ਪੇਸ਼ ਆਉਂਦੇ ਹਨ ਨਾਂ ਕਿ ਗੁਰਮਤਿ ਸਿਧਾਂਤਾਂ ਨਾਲ ਜੁੜ ਕੇ ਪੇਸ਼ ਆਉਂਦੇ ਹਨ।

ਇਤਿਹਾਸਕਾਰਾਂ ਅਨੁਸਾਰ ਰਣਜੀਤ ਸਿੰਘ ਦੀਆਂ ਕੁੱਲ 20 ਪਤਨੀਆਂ ਤੋਂ ਅੱਠ ਪੁੱਤਰ ਪੈਦਾ ਹੋਏ ਜਿਨ੍ਹਾਂ ਵਿਚ ਤਖਤ 'ਤੇ ਕਾਬਜ਼ ਹੋਣ ਦੀ ਦੌੜ ਲੱਗੀ ਹੋਈ ਸੀ। ਇਸ ਤੋਂ ਇਲਾਵਾ ਰਾਜ ਘਰਾਣੇ ਤੋਂ ਬਾਹਰਲੇ ਸਰਦਾਰ (ਡੋਗਰੇ ਭਰਾ ਅਤੇ ਸੰਧਾਂਵਾਲੀਏ ਸਰਦਾਰ ਆਦਿ) ਵੀ ਰਾਜ ਹਥਿਆਉਣ ਦੀਆਂ ਨੀਤੀਆਂ ਵਿਚ ਮਸ਼ਰੂਫ ਰਹੇ ਸਨ। ਮਹਾਂਰਾਣੀ ਜਿੰਦਾਂ ਦੇ ਵਿਅਕਤਿਤਵ ਨੂੰ ਪੇਸ਼ ਕਰਦਾ ਨਾਵਲ ਵਿਚ ਇਹ ਕਥਾ ਵਾਰਤਾਲਾਪ ਹੈ *"ਉਥੇ ਪਹੁੰਚ ਕੇ ਵੇਖਿਆ ਕਿ ਲਾਲ ਸਿੰਘ ਨੇ ਸਤਲੁਜ ਦਾ ਪੁਲ ਹੀ ਉੜਾ ਦਿੱਤਾ ਹੋਇਆ ਸੀ ਤਾਂ ਕਿ ਉਹਨਾਂ ਦੀ ਅਤੇ ਰਾਣੀ ਜਿੰਦਾਂ ਦੀ ਵਿਉਂਤ ਅਨੁਸਾਰ ਖ਼ਾਲਸਾ ਫ਼ੌਜ ਪੂਰੀ ਤਰ੍ਹਾਂ ਤਬਾਹ ਹੋ ਜਾਵੇ"* [11] ਇਸ ਤੋਂ ਵੀ ਅੱਗੇ ਮਨਮੋਹਨ ਬਾਵਾ ਆਪਣੇ ਇਸ ਨਾਵਲ ਵਿਚ ਰਣਜੀਤ ਸਿੰਘ ਦੇ ਪਰਿਵਾਰ ਨੂੰ ਜਾਗੀਰੂ ਸੋਚ ਵਾਲਾ ਅਤੇ ਕੁੜੀਮਾਰਾਂ ਦਾ ਪਰਿਵਾਰ ਦੱਸਦਾ ਹੈ ਜੋ ਕਿ ਭਰੂਣ ਹੱਤਿਆ ਦੇ ਦੋਸ਼ੀ ਮੰਨੇ ਜਾਂਦੇ ਹਨ ਅਤੇ ਇਹ ਗੁਰਮਤਿ ਮਰਿਆਦਾ ਅਤੇ ਖ਼ਾਲਸਾਈ ਚਰਿੱਤਰ ਉੱਪਰ ਪ੍ਰਸ਼ਨ ਚਿੰਨ੍ਹ ਹੈ।

ਖ਼ਾਲਸਾ ਰਾਜ ਦੇ ਖਾਤਮੇ ਦਾ ਇਕ ਕਾਰਨ ਰਣਜੀਤ ਸਿੰਘ ਦੀ ਆਪਣੇ ਹੀ ਲੋਕਾਂ ਪ੍ਰਤੀ ਬੇਭਰੋਸਗੀ ਸੀ। ਆਪਣੇ ਅੰਤਿਮ ਪੜਾਅ ਤੇ ਆ ਕੇ ਉਸ ਨੂੰ ਆਪਣਾ ਯੋਗ ਉੱਤਰਾਧਿਕਾਰੀ ਲੱਭਣਾ ਮੁਸ਼ਕਿਲ ਹੋ ਗਿਆ ਸੀ। ਮਨਮੋਹਨ ਬਾਵਾ ਨੇ ਆਪਣੇ ਇਸ ਨਾਵਲ ਵਿਚਲੀ ਇਸ ਟਿੱਪਣੀ ਰਾਹੀਂ ਮਹਾਰਾਜਾ ਦੀ ਆਪਣੇ ਰਾਜ ਪ੍ਰਤੀ ਤਿੜਕੀ ਮਾਨਸਿਕਤਾ ਅਤੇ ਆਪਣੇ ਲੋਕਾਂ ਪ੍ਰਤੀ ਬੇਭਰੋਸਗੀ ਨੂੰ ਚਿਹਨਿਤ ਕੀਤਾ ਹੈ, *"ਪਰ ਮੇਰਾ ਵਿਚਾਰ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੂੰ ਅਖ਼ੀਰਲੇ ਦਹਾਕਿਆਂ 'ਚ ਸਿੱਖ ਸਰਦਾਰਾਂ 'ਤੇ ਭਰੋਸਾ ਨਹੀਂ ਸੀ ਰਿਹਾ ਅਤੇ ਆਤਮ-ਵਿਸ਼ਵਾਸ ਵੀ ਗਵਾ ਚੁੱਕੇ ਸਨ"* [12] ਅਜਿਹੀ ਸਥਿਤੀ ਵਿਚ ਰਣਜੀਤ ਸਿੰਘ ਦੀ ਮਨੋਅਵਸਥਾ ਦਾ ਡਾਵਾਂਡੋਲ ਹੋਣਾ ਸੁਭਾਵਕ ਹੀ ਸੀ।

ਮਹਾਂਰਾਣੀ ਜਿੰਦਾਂ ਸਮੇਤ ਸਾਰੇ ਸਿੱਖ ਸਰਦਾਰਾਂ ਦੀਆਂ ਅਕਾਂਖਿਆਵਾਂ ਨੇ ਖ਼ਾਲਸਾ ਰਾਜ ਨੂੰ ਢਾਅ ਲਾਈ। ਸਿੱਖ ਸੈਨਿਕਾਂ ਦੀ ਦੁਚਿੱਤੀ ਰਾਹੀਂ ਇਥੇ ਪੰਜਾਬ ਪੱਖੀ ਜਾਂ ਸਵੈ ਪੱਖੀ ਹੋਣ ਵਿਚਲੇ ਫਰਕ ਵੱਲ ਇਸ਼ਾਰਾ ਕੀਤਾ ਗਿਆ ਹੈ। ਨਾਵਲ ਦਾ ਇਕ ਸੈਨਿਕ ਪਾਤਰ ਇਹਨਾਂ ਸਿੱਖ ਸਰਦਾਰਾਂ ਬਾਰੇ ਆਪਣੀ ਟਿੱਪਣੀ ਕਰਦਾ ਹੋਇਆ ਕਹਿੰਦਾ ਹੈ ਕਿ, *"ਕੀ ਉਸ ਬਦਜ਼ਾਤ (ਮਹਾਂਰਾਣੀ ਜਿੰਦਾਂ) ਔਰਤ ਲਈ ਜਾਂ ਲਾਲਚੀ ਸਰਦਾਰਾਂ ਅਤੇ ਮਹੱਤਵਕਾਂਖੀ ਡੋਗਰਿਆਂ ਦੀ ਸਰਦਾਰੀ ਕਾਇਮ ਰੱਖਣ ਲਈ ਮਰੇ ਜਾਂ...ਜਾਂ ਪੰਜਾਬ ਅਤੇ ਖ਼ਾਲਸੇ ਦੀ ਇੱਜ਼ਤ ਅਤੇ ਖ਼ੁਦਦਾਰੀ ਕਾਇਮ*

*ਰੱਖਣ ਲਈ? ਜਾਂ ਸ਼ਾਇਦ ਸਿਰਫ਼ ਤਨਖ਼ਾਹ 'ਚ ਮਿਲੇ ਪੈਸਿਆਂ ਅਤੇ ਆਪਣੇ ਪਰਿਵਾਰ ਦਾ ਢਿੱਡ ਭਰਨ ਲਈ?"* [13]

'ਯੁੱਗ-ਅੰਤ' ਨਾਵਲ ਵਿਚ ਖ਼ਾਲਸਾ ਰਾਜ ਦੇ ਪਤਨ ਦਾ ਇਕ ਕਾਰਨ ਅਫ਼ਸਰਸ਼ਾਹੀ ਅਤੇ ਵਪਾਰੀ ਵਰਗ ਦੀਆਂ ਲੁਟੇਰਾ ਨੀਤੀਆਂ ਨੂੰ ਵੀ ਮੰਨਿਆ ਹੈ ਜਿਸ ਕਰਕੇ ਨਾਰੀ ਦਮਨ, ਦਲਿਤ ਦਮਨ ਅਤੇ ਨਿਮਨ ਵਰਗ ਨੂੰ ਹਾਸ਼ੀਏ ਤੇ ਰੱਖਣ ਕਰਕੇ ਖ਼ਾਲਸਾ ਰਾਜ ਬਦਨਾਮ ਹੋਇਆ। ਰਾਜ ਦੀ ਅਫ਼ਸਰਸ਼ਾਹੀ ਅਤੇ ਸਰਕਾਰੀ ਨਿਜ਼ਾਮ ਅਜਿਹੇ ਕੁਕਰਮਾਂ ਨੂੰ ਅੰਜਾਮ ਦਿੰਦਾ ਸੀ। ਨਾਵਲ ਦੇ ਇਕ ਪਾਤਰ ਨਾਲ ਹੋਏ ਜਾਤੀਗਤ ਵਿਤਕਰੇ ਰਾਹੀਂ ਅਜਿਹੇ ਸਮਾਜਿਕ ਅਨਿਆਂ ਨੂੰ ਪੇਸ਼ ਕਰਦਾ ਇਹ ਰਵਾਲਾ ਵਿਚਾਰਿਆ ਜਾ ਸਕਦਾ ਹੈ, *"ਇਕ ਦਿਨ ਇਸੇ ਭੁਲੇਖੇ ਅਸੀਂ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਗੁਰਦੁਆਰੇ ਚੱਲ ਰਹੇ ਲੰਗਰ ਦੀ ਪੰਗਤ 'ਚ ਜਾ ਬੈਠੇ। ਸਾਰੇ ਸਾਡੇ ਵੱਲ ਅੱਖਾਂ ਪਾੜ-ਪਾੜ ਕੇ ਵੇਖਣ ਲੱਗੇ। ਆਖ਼ਰ ਸਾਨੂੰ ਪੰਗਤ 'ਚੋਂ ਉਠਾ ਦਿੱਤਾ ਗਿਆ ਅਤੇ ਗੁਰਦੁਆਰੇ ਦੇ ਬਾਹਰ ਭੁੰਜੇ ਹੀ ਇਕ ਕਤਾਰ ਬਣਾ ਕੇ ਬਿਠਾ ਦਿੱਤਾ ਗਿਆ। ਮੇਰਾ ਭਰਾ ਜ਼ਰਾ ਗੁੱਸੇ ਵਾਲਾ ਸੀ। ਉਸ ਨੇ ਗੁਰਦੁਆਰੇ ਅੰਦਰ ਪੰਗਤ 'ਚ ਬੈਠਿਆਂ ਵੱਲ ਵੇਖ ਕੇ ਜ਼ਮੀਤੇ 'ਤੇ ਥੁੱਕਿਆ ਅਤੇ ਤੇਜ਼-ਤੇਜ਼ ਕਦਮ ਚੁੱਕਦਾ ਉਥੋਂ ਹੀ ਨਹੀਂ ਬਲਕਿ ਪਿੰਡੋਂ ਹੀ ਨਿਕਲ ਗਿਆ। ਹੁਣ ਸੁਣਿਆ ਹੈ ਕਿ ਲੁਧਿਆਣੇ ਜਾ ਕੇ ਫ਼ਰੰਗੀਆਂ ਦੀ ਫ਼ੌਜ 'ਚ ਭਰਤੀ ਹੋ ਗਿਆ।"* [14] ਅਜਿਹੀ ਸਮਾਜਕ ਵਿਵਸਥਾ ਖ਼ਾਲਸਾ ਰਾਜ ਤੋਂ ਬਾਅਦ ਦੇ ਸਮੇਂ ਦਾ ਚਰਿੱਤਰ ਸੀ। ਜਾਹਿਰ ਹੈ ਰਣਜੀਤ ਸਿੰਘ ਨੇ ਆਪਣੇ ਰਾਜ ਦੀ ਮਜ਼ਬੂਤੀ ਲਈ ਅਤੇ ਆਪਣੇ ਚਲੇ ਜਾਣ ਤੋਂ ਬਾਅਦ ਦੇ ਹਾਲਾਤ ਨਾਲ ਨਜਿੱਠਣ ਲਈ ਕੋਈ ਠੋਸ ਤਿਆਰੀ ਕਰਨ ਬਾਰੇ ਨਹੀਂ ਸੋਚਿਆ। ਇਸ ਬਾਰੇ ਨਾਵਲ ਵਿਚ ਇਸ਼ਾਰਾ ਕੀਤਾ ਗਿਆ ਹੈ। *"ਅਫ਼ਸੋਸ ਇਹ ਵੀ ਕਿ ਰਣਜੀਤ ਸਿੰਘ ਦੀਆਂ ਸਾਰੀਆਂ ਕੋਸ਼ਿਸ਼ਾਂ ਰਾਜ ਦੀਆਂ ਹੱਦਾਂ ਅਤੇ ਫ਼ੌਜੀ ਤਾਕਤ ਵਧਾਉਣ ਵੱਲ ਰਹੀਆਂ, ਪਰ ਕੌਮ ਦੀ ਫ਼ਿਤਰਤ ਅਤੇ ਇਖ਼ਲਾਕ ਨੂੰ ਸੁਧਾਰਨ ਵੱਲ ਕੋਈ ਵੀ ਧਿਆਨ ਨਹੀਂ ਦਿੱਤਾ।"* [15]

ਸਭ ਤੋਂ ਅਹਿਮ ਮੁੱਦਾ ਜੋ ਮਨਮੋਹਨ ਬਾਵਾ ਨੇ ਆਪਣੇ ਇਸ ਨਾਵਲ ਰਾਹੀਂ ਪੇਸ਼ ਕੀਤਾ ਹੈ ਉਹ ਹੈ ਰਣਜੀਤ ਸਿੰਘ ਦਾ ਚਰਿੱਤਰ। ਉਸ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਇਕ ਮਹੱਤਵਆਕਾਂਖੀ ਅਤੇ ਅਯਾਸ਼ ਰਾਜਾ ਸੀ। ਅਜਿਹੇ ਚਰਿੱਤਰ ਦਾ ਮਾਲਕ ਵਿਅਕਤੀ ਆਪਣੇ ਆਪ ਨੂੰ ਸਿੰਘ ਸਾਹਿਬ ਜਾਂ ਖ਼ਾਲਸਾ ਜੀ ਕਿਵੇਂ ਅਖਵਾ ਸਕਦਾ ਹੈ? ਬਾਵਾ ਨੇ ਆਪਣੀ ਇਸ ਗੱਲ ਨੂੰ ਇਸ ਨਾਵਲ ਦੀ ਇਕ ਕਥਾ ਟਿੱਪਣੀ ਰਾਹੀਂ ਹੋਰ ਸਪੱਸ਼ਟ ਕਰ ਕੇ ਚਿਹਨਿਤ ਕੀਤਾ ਹੈ। *"ਦਿਨ, ਮਹੀਨੇ ਅਤੇ ਸਾਲ ਲੰਘਦੇ ਗਏ। ਰਣਜੀਤ ਸਿੰਘ ਦੇ ਰਾਜ ਦੇ ਪਸਾਰ ਦੇ ਨਾਲ-ਨਾਲ ਉਸ ਦੇ ਹਰਮ ਦੀਆਂ ਰਖ਼ੇਲਾਂ ਅਤੇ ਰਾਣੀਆਂ ਦੀ ਗਿਣਤੀ ਵੀ ਵਧਦੀ ਗਈ"* [16] ਬਾਵਾ ਰਣਜੀਤ ਸਿੰਘ ਦੇ ਮਿਥਿਕ ਬਿੰਬ ਨੂੰ ਤਿੜਕਾਉਣ ਅਤੇ ਉਸ ਪ੍ਰਤੀ ਵਧੇਰੇ ਤਾਰਕਿਕ ਸੱਚ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਸ ਅਨੁਸਾਰ ਇਕ ਲਾਲਚੀ, ਵਿਸਥਾਰਵਾਦੀ, ਅਯਾਸ਼ ਅਤੇ ਰਾਜਿਆਂ ਵਰਗਾ ਰਾਜਾ ਲੋਕ ਪੱਖੀ ਕਿਵੇਂ ਹੋ ਸਕਦਾ ਹੈ ਅਤੇ ਉਹ ਲੋਕ ਕਲਿਆਣ ਕਿਵੇਂ ਕਰ ਸਕਦਾ ਹੈ। ਸਥਿਤੀਆਂ ਦੇ ਮੱਦੇ ਨਜ਼ਰ ਅਜਿਹੇ ਰਾਜ ਦਾ ਅੰਤ ਤੈਅ ਸੀ।

(ਚਾਰ)

ਹਰਜੀਤ ਅਟਵਾਲ ਦੇ ਨਾਵਲ 'ਅਕਾਲ ਸਹਾਏ' ਦੇ ਥੀਮਕ ਪਾਸਾਰ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣਾ ਕਰ ਜਾਣ ਤੋਂ ਬਾਅਦ ਦੀਆਂ ਸਿੱਖ ਸਰਦਾਰਾਂ ਦੀਆਂ ਰਾਜਨੀਤਕ ਗਤੀਵਿਧੀਆਂ ਦੇ ਨਾਲ-ਨਾਲ ਮਹਾਰਾਜਾ ਦਲੀਪ ਸਿੰਘ ਅਤੇ ਮਹਾਂਰਾਣੀ ਜਿੰਦਾਂ ਦੇ ਜਲਾਵਤਨ ਹੋਣ ਦੀ ਦੁਖਾਂਤਕ ਕਹਾਣੀ ਦੀ ਪੇਸ਼ਕਾਰੀ ਹੋਈ ਹੈ। ਇਹ ਨਾਵਲ ਮਹਾਰਾਜਾ ਦਲੀਪ ਸਿੰਘ ਅਤੇ ਮਹਾਂਰਾਣੀ ਜਿੰਦਾਂ ਦੀ ਸੰਘਰਸ਼ ਗਾਥਾ ਨੂੰ ਪਿੱਠਭੂਮੀ ਵਿਚ ਰੱਖ ਕੇ ਖ਼ਾਲਸਾ ਰਾਜ ਦੇ ਖਾਤਮੇ ਦੀ ਕਥਾ ਨੂੰ ਸਿਰਜਿਤ ਕਰਦਾ ਹੈ। ਸ਼ਾਹ ਮੁਹੰਮਦ ਦੇ 'ਜੰਗਨਾਮਾ ਸਿੰਘਾਂ ਅਤੇ ਫ਼ਿਰੰਗੀਆਂ' ਦੀ ਇਸ ਤੁਕ ਰਾਹੀਂ ਇਸ ਸਮੁੱਚੇ ਨਾਵਲ ਦੇ ਥੀਮਕ ਪਾਸਾਰ ਨੂੰ ਚਿਹਨਿਤ ਕੀਤਾ ਜਾ ਸਕਦਾ ਹੈ:

*ਚੇਤ ਸਿੰਘ ਨੂੰ ਮਾਰਿਆ ਕੌਰ ਸਾਹਿਬ,*
*ਸ਼ੁਰੂ ਹੋਈ ਦਰਬਾਰ ਤਲਵਾਰ ਮੀਆਂ।*

ਸ਼ਾਹੀ ਪਰਿਵਾਰ ਵਿਚ ਹੋਣ ਵਾਲੀਆਂ ਸ਼ਾਜਿਸ਼ਾਂ ਦੀ ਸ਼ੁਰੂਆਤ ਬਾਰੇ ਡੋਗਰੇ ਧਿਆਨ ਸਿੰਘ ਵੱਲੋਂ ਕਹੇ ਇਹ ਸ਼ਬਦ ਇਸ ਨਾਵਲ ਵਿਚ ਦਰਜ਼ ਹਨ ਜਿਸ ਸਦਕਾ ਸ਼ਾਹੀ ਖਾਨਦਾਨ ਦੇ ਮੈਂਬਰਾਂ ਅਤੇ ਹੋਰ ਸੰਬੰਧਿਤ ਸਿੱਖ ਸਰਦਾਰਾਂ ਦਾ ਕਤਲੇਆਮ ਸ਼ੁਰੂ ਹੋ ਜਾਂਦਾ ਹੈ, *"ਮਹਾਰਾਜਾ ਜੀਓ, ਤੁਸੀਂ ਮੇਰੀ ਬੇਇਜ਼ਤੀ ਕਰ ਰਹੇ ਓ, ਮੈਂ ਇਸ ਰਾਜ ਨੂੰ ਆਪਣੇ ਖ਼ੂਨ ਨਾਲ ਸਿੰਜਿਆ ਏ, ਮੈਂ ਆਪਣਾ ਸਭ ਕੁਝ ਕੁਰਬਾਨ ਕੀਤਾ ਏ, ਸਰਕਾਰ ਨਾਲ ਪੂਰੀ ਵਫ਼ਾਦਾਰੀ ਨਿਭਾਈ ਏ, ਹੁਣ ਤੁਹਾਡੀ ਮਹਾਰਾਜਾ ਬਣਨ ਵਿਚ ਵੀ ਮੱਦਦ ਕੀਤੀ ਏ ਤੇ ਹੁਣ ਤੁਸੀਂ ਕਹਿ ਰਹੇ ਓ ਕਿ ਮੈਂ ਚਲੇ ਜਾਵਾਂ?"* [17] ਮਹਾਰਾਜਾ ਖੜਕ ਸਿੰਘ ਦੇ ਦਰਬਾਰ ਵਿਚੋਂ ਚਲੇ ਜਾਣ ਲਈ ਕਹਿਣ ਤੋਂ ਬਾਅਦ ਦਾ ਇਹ ਵਾਰਤਾਲਾਪ ਡੋਗਰੇ ਸਰਦਾਰਾਂ ਲਈ ਇਕ ਸੱਲ ਸੀ। ਡੋਗਰੇ ਲਾਹੌਰ ਦਰਬਾਰ ਵਿਚਲੇ ਆਪਣੇ ਵਜ਼ੂਦ ਅਤੇ ਪ੍ਰਭੂਸੱਤਾ ਨੂੰ ਬਚਾਈ ਰੱਖਣ ਲਈ ਤੜਫ ਰਹੇ ਸਨ। ਇਸ ਸੱਲ ਦੀ ਚੀਸ ਨੇ ਅਜਿਹੀਆਂ ਰਾਜਨੀਤਕ ਸਥਿਤੀਆਂ ਪੈਦਾ ਕੀਤੀਆਂ ਕਿ ਰਣਜੀਤ ਸਿੰਘ ਰਾਜ ਦਾ ਅੰਤ ਤੈਅ ਹੋ ਗਿਆ।

ਨਾਵਲੀ ਕਥਾਨਕ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਉਪਰੰਤ ਸ਼ਾਹੀ ਪਰਿਵਾਰ ਦੇ ਸ਼ਹਿਜ਼ਾਦਿਆਂ/ਸਰਦਾਰਾਂ ਵਿਚ ਗੱਦੀ ਲਈ ਲੜਾਈ ਹੋਣੀ ਤੈਅ ਸੀ ਪਰ ਸ਼ਾਹੀ ਪਰਿਵਾਰ ਦਾ ਕੋਈ ਵੀ ਸ਼ਹਿਜ਼ਾਦਾ ਇੰਨੀ ਸਮਰੱਥਾ ਨਹੀਂ ਵਿਖਾ ਸਕਿਆ ਕਿ ਉਹ ਘਰੇਲੂ ਯੁੱਧ ਜਿੱਤ ਕੇ ਰਾਜ ਦੀ ਸਥਾਪਤੀ ਕਰ ਸਕਦਾ ਜਾਂ ਰਾਜ ਸੰਭਾਲ ਸਕਦਾ। ਸ਼ਹਿਜ਼ਾਦਿਆਂ ਦੁਆਰਾ ਸਾਰੇ ਰਾਜ ਨੂੰ ਆਪਸ ਵਿਚ ਵੰਡ ਲੈਣ ਕਰਕੇ ਸਿੱਖ ਸ਼ਕਤੀ ਵੰਡੀ ਗਈ ਅਤੇ ਇਸ ਨਾਲ ਉਹ ਰਾਜ ਨੂੰ ਉਸ ਸ਼ਿੱਦਤ ਨਾਲ ਨਹੀਂ ਚਲਾ ਸਕੇ ਜਿਵੇਂ ਮਹਾਰਾਜਾ ਰਣਜੀਤ ਸਿੰਘ ਅਤੇ ਉਸ ਦੇ ਅਹੁਦੇਦਾਰਾਂ ਅਤੇ ਸੈਨਾਪਤੀਆਂ ਨੇ ਰਲ-ਮਿਲ ਕੇ ਚਲਾਇਆ। ਸ਼ਹਿਜ਼ਾਦਿਆਂ ਦੀ ਅਸਮਰੱਥਾ ਦਾ ਨਤੀਜਾ ਇਹ ਨਿਕਲਿਆ ਕਿ ਲਾਹੌਰ ਦਰਬਾਰ ਸਾਜਿਸ਼ਾਂ ਦਾ ਗੜ੍ਹ ਬਣ ਗਿਆ। ਸ਼ਹਿਜ਼ਾਦਿਆਂ ਦੀਆਂ ਗੁਸਤਾਖ਼ੀਆਂ ਬਾਰੇ ਇਸ ਨਾਵਲ ਵਿਚ ਪੇਸ਼ ਹੋਏ ਇਸ ਵਾਰਤਾਲਾਪ ਤੋਂ ਪਤਾ ਚੱਲਦਾ ਹੈ ਕਿ ਜਿੰਨੇ ਸ਼ਹਿਜ਼ਾਦੇ ਸਨ ਉਨੇ ਹੀ ਰਾਜ ਦੇ ਟੁਕੜੇ ਹੋ ਚੁੱਕੇ ਸਨ। *"ਮਾਈ ਜੀ, ਪੰਜਾਬ ਦੇ ਹਾਲਾਤ ਠੀਕ ਨਹੀਂ,ਲਗਦਾ ਏ ਕਿ ਕੁਝ ਗਲਤ ਹੋਣ ਵਾਲਾ ਏ, ਸ਼ਹਿਜ਼ਾਦਾ ਸ਼ੇਰ ਸਿੰਘ ਆਪਣੇ ਹੱਕ ਵਿਚ ਲੋਕ ਇਕੱਠੇ ਕਰ ਰਿਹਾ ਏ, ਕੁੰਵਰ ਨੌਨਿਹਾਲ ਸਿੰਘ ਦੇ ਚਾਲੇ ਵੀ ਠੀਕ ਨਹੀਂ ਜਾਪਦੇ ਤੇ ਮਹਾਰਾਜਾ ਖੜਕ ਸਿੰਘ ਤਾਂ ਜਦੋਂ ਨਸ਼ੇ ਵਿਚ ਹੁੰਦੇ ਨੇ ਉਹਨਾਂ ਦਾ ਪਤਾ ਹੀ ਨਹੀਂ ਹੁੰਦਾ ਕਿ ਕੀ ਕਰ ਦੇਣ, ਕਿਹੜਾ ਗਲਤ ਕਦਮ ਚੁੱਕ ਲੈਣ, ਮੂਹੋਂ ਕਿਹੜਾ ਹੁਕਮ ਸੁਣਾ ਦੇਣ।"* [18]

ਇਹ ਨਾਵਲ ਖ਼ਾਲਸਾ ਰਾਜ ਪ੍ਰਤੀ ਡੋਗਰਿਆਂ ਦੀ ਭੂਮਿਕਾ ਨੂੰ ਉਚਿਤ ਕਰਾਰ ਦਿੰਦਾ ਹੈ ਹਾਲਾਂਕਿ ਪ੍ਰਾਪਤ ਲਿਖਤੀ ਇਤਿਹਾਸ ਡੋਗਰਿਆਂ ਦੀ ਨਾਂਹ ਪੱਖੀ ਭੂਮਿਕਾ ਨੂੰ ਅਗਰਭੂਮਿਤ ਕਰਦਾ ਹੈ ਜਿਵੇਂ ਧਰਮ ਸਿੰਘ ਦਾ ਕਹਿਣਾ ਹੈ ਕਿ, *"ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਧਿਆਨ ਸਿੰਘ ਨੇ ਖੜਕ ਸਿੰਘ ਦੇ ਵਿਰੁੱਧ ਸਾਜਿਸ਼ਾਂ ਕੀਤੀਆਂ*

*ਅਤੇ ਸ਼ਹਿਜ਼ਾਦਾ ਨੌਨਿਹਾਲ ਸਿੰਘ ਨਾਲ ਵੀ ਝਗੜਾ ਸਹੇੜ ਲਿਆ। ਉਸ ਨੇ ਚੇਤ ਸਿੰਘ ਨੂੰ ਕਤਲ ਕਰਵਾ ਦਿੱਤਾ ਅਤੇ ਆਪ ਸੰਧਾਂਵਾਲੀਏ ਸਰਦਾਰਾਂ ਦੇ ਵਿਰੁੱਧ ਸਾਜਿਸ਼ਾਂ ਘੜੀਆਂ...*"[19] ਇਸ ਦੇ ਉਲਟ ਇਸ ਨਾਵਲ ਅਨੁਸਾਰ ਪਹਿਲੀ ਗੱਲ ਇਹ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਅੰਤਲੇ ਸਮੇਂ ਪੰਜਾਬ ਦੀ ਭਲਾਈ ਲਈ ਡੋਗਰੇ ਸਰਦਾਰਾਂ ਤੋਂ ਲਿਆ ਵਾਅਦਾ ਨਿਭਾਉਣ ਲਈ ਤਤਪਰ ਰਹੇ। ਨਾਵਲੀ ਕਥਾਨਕ ਵਿਚ ਵੀ ਇਸ ਬਾਰੇ ਕਥਾ ਟਿੱਪਣੀ ਮੌਜੂਦ ਹੈ, "*ਇਸ ਗੱਲ ਦਾ ਡੋਗਰਿਆਂ ਨੂੰ ਵੀ ਪਤਾ ਸੀ ਕਿ ਸਰਕਾਰ ਨੂੰ ਆਪਣੀ ਔਲਾਦ ਉੱਪਰ ਭਰੋਸਾ ਨਹੀਂ। ਸਰਕਾਰ ਨੇ ਰਾਜਾ ਧਿਆਨ ਸਿੰਘ ਤੋਂ ਇਹ ਵਾਅਦਾ ਵੀ ਲਿਆ ਹੋਇਆ ਸੀ ਕਿ ਉਹ ਪੰਜਾਬ ਛੱਡ ਕੇ ਨਹੀਂ ਜਾਵੇਗਾ ਕਿਉਂਕਿ ਪੰਜਾਬ ਦਾ ਰਾਜ ਉਸ ਤੋਂ ਬਿਨਾਂ ਨਹੀਂ ਚਲ ਸਕਦਾ।*"[20] ਦੂਜਾ ਜਿਹੜੀ ਇੱਜਤ ਡੋਗਰੇ ਸਰਦਾਰਾਂ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਦਿੱਤੀ ਉਹ ਮਾਹਾਰਾਜੇ ਦੀ ਮੌਤ ਤੋਂ ਬਾਅਦ ਉਹਨਾਂ ਨੂੰ ਪ੍ਰਾਪਤ ਨਹੀਂ ਹੋਈ। ਇਹਨਾਂ ਕਾਰਨਾਂ ਵਿਚੋਂ ਉਪਜੀ ਤੜਫ ਵਿਚ ਹੀ ਉਹ ਸਿੱਖ ਸਰਦਾਰਾਂ ਦੇ ਕਤਲਾਂ ਦੀਆਂ ਸਾਜਿਸ਼ਾਂ ਵਿਚ ਹਿੱਸਾ ਲੈਂਦੇ ਰਹੇ। ਨਾਵਲੀ ਥੀਮ ਅਨੁਸਾਰ ਡੋਗਰੇ ਸਰਦਾਰ ਲਹੌਰ ਦਰਬਾਰ ਨੂੰ ਹਥਿਆਉਣ ਲਈ ਨਹੀਂ ਲੜੇ ਬਲਕਿ ਉਹਨਾਂ ਦੀ ਲੜਾਈ ਆਪਣੀ ਖ਼ੁਸੀ ਵਜ਼ਾਰਤ ਅਤੇ ਇੱਜ਼ਤ ਦੀ ਵਾਪਸੀ ਦੀ ਲੜਾਈ/ਸੰਘਰਸ਼ ਸੀ। ਇਸ ਕਰਕੇ ਇਸ ਨਾਵਲ ਵਿਚ ਨਾਵਲਕਾਰ ਡੋਗਰੇ ਸਰਦਾਰਾਂ ਨਾਲ ਮੁਕਾਬਲਤਨ ਇਨਸਾਫ਼ ਕਰਦਾ ਪ੍ਰਤੀਤ ਹੋ ਰਿਹਾ ਹੈ। ਇਹ ਵਾਰਤਾਲਾਪ ਦੇਖੋ, "*ਡੋਗਰੇ ਪੰਜਾਬ ਬਾਰੇ ਸਭ ਤੋਂ ਜ਼ਿਆਦਾ ਫਿਕਰਵੰਦ ਸਨ। ਭਾਵੇਂ ਉਹਨਾਂ ਦੇ ਆਪਣੇ ਹਿੱਤ ਮੁਹਰੇ ਸਨ ਪਰ ਹਿੱਤ ਵੀ ਤਾਂ ਹੀ ਰਹਿਣੇ ਸਨ ਜੇ ਪੰਜਾਬ ਰਹੇਗਾ। ਪੰਜਾਬ ਦੀ ਹੋਂਦ ਉਹਨਾਂ ਲਈ ਬਹੁਤ ਜ਼ਰੂਰੀ ਸੀ। ਪੰਜਾਬ ਲਈ ਉਹਨਾਂ ਨੇ ਸਦਾ ਹੀ ਕੁਰਬਾਨੀ ਕੀਤੀ ਸੀ। ਉਹਨਾਂ ਦੇ ਕਾਰਨ ਹੀ ਖਾਲਸਾ ਰਾਜ ਦੇ ਝੰਡੇ ਚੀਨ ਦੀ ਹੱਦ ਤਕ ਝੁਲਦੇ ਸਨ।*"[21]

ਇਹ ਨਾਵਲ ਤੇਜਾ ਸਿੰਘ ਅਤੇ ਲਾਲ ਸਿੰਘ ਵਰਗਿਆਂ ਦੀ ਗੱਦਾਰੀ ਨੂੰ ਹੋਰ ਸਪੱਸ਼ਟ ਰੂਪ ਵਿਚ ਪੇਸ਼ ਕਰਦਾ ਹੈ। ਭਾਵੇਂ ਰਣਜੀਤ ਸਿੰਘ ਦੀ ਮੌਤ ਉਪਰੰਤ ਸ਼ਾਹੀ ਪਰਿਵਾਰ ਘਰੇਲੂ ਯੁੱਧ ਦਾ ਅਖਾੜਾ ਬਣ ਗਿਆ ਸੀ ਪਰ ਇਸ ਦੇ ਬਾਵਜੂਦ ਰਾਜ ਸੈਨਿਕ ਸ਼ਕਤੀ ਪੱਖੋਂ ਬਹੁਤ ਮਜ਼ਬੂਤ ਸੀ। ਪਰ ਇੰਨੀ ਮਜ਼ਬੂਤ ਸੈਨਾ ਦੇ ਤੇਜਾ ਸਿੰਘ ਅਤੇ ਲਾਲ ਸਿੰਘ ਵਰਗੇ ਆਗੂ ਖੁਦ ਹੀ ਫੌਜ ਨੂੰ ਹਰਾਉਣ ਦੇ ਆਹਰ ਵਿਚ ਸਨ ਅਤੇ ਇਸ ਆਹਰ ਦੇ ਕਾਰਨਾਂ ਨੂੰ ਨਾਵਲ ਵਿਚ ਸਪੱਸ਼ਟ ਰੂਪ ਵਿਚ ਪੇਸ਼ ਕੀਤਾ ਹੈ। ਇਸ ਤੋਂ ਇਲਾਵਾ ਭਾਵੇਂ ਸੈਨਿਕ ਸ਼ਕਤੀ ਬਹੁਤ ਮਜ਼ਬੂਤ ਸੀ ਪਰ ਇਸ ਦੇ ਬਾਵਜੂਦ ਆਰਥਿਕ ਕਮਜ਼ੋਰੀ ਆ ਜਾਣ ਕਾਰਨ ਸੈਨਿਕ ਸ਼ਕਤੀ ਨੂੰ ਸਾਂਭ ਕੇ ਨਹੀਂ ਰੱਖਿਆ ਜਾ ਸਕਿਆ। ਨਾਵਲ ਵਿਚੋਂ ਇਹ ਵਾਰਤਾਲਾਪ ਦੇਖਿਆ ਜਾ ਸਕਦਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਪਰਿਵਾਰਾਂ ਵਿਚਲੀ ਗੱਦੀ ਨੂੰ ਲੈ ਕੇ ਖਿੱਚੋਤਾਣ ਨੇ ਰਾਜ ਦੇ ਅੰਦਰੂਨੀ ਮਸਲਿਆਂ ਨੂੰ ਹੋਰ ਹਵਾ ਦਿੱਤੀ, ਜਿਵੇਂ, "*ਇਕ ਵਾਰ ਫਿਰ ਫੌਜ ਦੀਆਂ ਤਨਖਾਹਾਂ ਬਹੁਤ ਪਿੱਛੇ ਪੈ ਗਈਆਂ ਸਨ, ਕੁਝ ਸਿਪਾਹੀ ਵੀ ਕੁਝ ਜ਼ਿਆਦਾ ਹੀ ਮਰਜ਼ੀਆਂ ਕਰਨ ਲੱਗੇ ਸਨ।*"[22]

ਖ਼ਾਲਸਾ ਰਾਜ ਦੇ ਸਭ ਤੋਂ ਵੱਡੇ ਦੁਸ਼ਮਣ ਫ਼ਿਰੰਗੀ ਸਨ ਕਿਉਂਕਿ ਉਹ ਰਾਜ ਦੇ ਪੂਰਬ ਵਿਚ ਹਿੰਦੁਸਤਾਨ ਉੱਪਰ ਕਾਬਜ਼ ਹੋ ਚੁੱਕੇ ਸਨ ਅਤੇ ਹੁਣ ਉਹਨਾਂ ਦੀ ਅੱਖ ਪੰਜਾਬ ਉੱਤੇ ਸੀ। ਇਸ ਦੇ ਆਰਥਿਕ ਅਤੇ ਰਾਜਨੀਤਕ ਕਾਰਨਾਂ ਦੇ ਨਾਲ-ਨਾਲ ਉਹ ਇਸ ਨੂੰ ਆਪਣੀ ਇੱਜਤ ਦਾ ਮਸਲਾ ਸਮਝਦੇ ਸਨ। ਦੂਜੇ ਪਾਸੇ ਰਣਜੀਤ ਸਿੰਘ ਦੇ ਸ਼ਕਤੀ ਵਿਚ ਆਉਣ ਤੋਂ ਬਾਅਦ ਜਿਹੜੀਆਂ ਸਿੱਖ ਮਿਸਲਾਂ ਨੂੰ ਮਜਬੂਰਨ ਖ਼ਾਲਸਾ ਰਾਜ ਵਿਚ ਮਿਲਣਾ ਪਿਆ ਉਹਨਾਂ ਤੋਂ ਛੁੱਟ ਸਤਲੁਜ ਤੋਂ ਪਾਰਲੇ ਸਰਦਾਰ ਕਦੇ ਵੀ ਉਸ ਦੇ ਅਧੀਨ ਨਹੀਂ ਆਉਣਾ ਚਾਹੁੰਦੇ ਸਨ ਉਹਨਾਂ ਨੂੰ ਰਣਜੀਤ ਸਿੰਘ ਨਾਲੋਂ ਅੰਗਰੇਜ਼ਾਂ ਨਾਲ ਮਿਲਣਾ ਵਧੇਰੇ ਠੀਕ ਲੱਗਦਾ ਸੀ ਜਿਸ ਕਰਕੇ ਰਣਜੀਤ ਸਿੰਘ ਸਤਲੁਜ ਪਾਰਲੇ ਇਲਾਕੇ ਵਿਚ ਪਰਵੇਸ਼ ਨਹੀਂ ਕਰ ਸਕਿਆ ਜਿਸ ਕਰਕੇ ਉਸ ਦੇ ਦੁਸ਼ਮਣ ਫ਼ਿਰੰਗੀਆਂ ਦੀ ਪਹੁੰਚ ਉਸ ਤੱਕ ਆਸਾਨ ਹੋ ਗਈ ਸੀ। ਨਾਵਲ ਵਿਚ ਇਸ ਬਾਰੇ ਵਾਰਤਲਾਪ ਹੈ ਕਿ, "*ਖ਼ੈਬਰ ਟੱਪ ਅਫਗਾਨਿਸਤਾਨ ਜਾ ਵੜਦਾ, ਕਸ਼ਮੀਰ ਦੀਆਂ ਪਹਾੜੀਆਂ ਮਿਧਦਾ, ਚੀਨ ਜਾ ਪੁੱਜਦਾ। ਇਹ ਵੱਖਰੀ ਗੱਲ ਹੈ ਕਿ ਇਧਰ ਸਤਲੁਜ ਟੱਪਣਾ ਉਸ ਲਈ ਵਰਜਿਤ ਬਣਿਆ ਹੋਇਆ ਸੀ, ਦਿਲ ਉਸਦਾ ਬਹੁਤ ਕਰਦਾ ਸੀ ਕਿ ਸਤਲੁਜ ਟੱਪੇ ਤੇ ਉਧਰ ਵਸਦੇ ਆਪਣੇ ਭਰਾਵਾਂ ਨੂੰ, ਜਿਨ੍ਹਾਂ ਨੇ ਉਸ ਦੀ ਈਨ ਮੰਨਣ ਥਾਵੇਂ ਫਰੰਗੀਆਂ ਦੀ ਸ਼ਰਣ ਲੈ ਲਈ ਸੀ, ਮਿਲੇ।*"[23] ਇਹ ਸ਼ਬਦ ਮਹਾਰਾਜਾ ਰਣਜੀਤ ਸਿੰਘ ਨੂੰ ਲਾਚਾਰ ਬਣਾਉਂਦੇ ਪ੍ਰਤੀਤ ਹੋ ਰਹੇ ਹਨ। ਨਾਵਲ ਦੇ ਥੀਮ ਅਨੁਸਾਰ, "*ਸਰਕਾਰ ਨੂੰ ਪਤਾ ਸੀ ਕਿ ਅੰਗਰੇਜ਼ ਉਸ ਦੇ ਦੋਸਤ ਨਹੀਂ ਹਨ ਬਲਕਿ ਉਹ ਮੌਕਾ ਉਡੀਕ ਰਹੇ ਹਨ ਕਿ ਕਦੋਂ ਪੰਜਾਬ ਉੱਪਰ ਝਪਟਾ ਮਾਰਨ*"[24] ਇਹ ਅੰਗਰੇਜ਼ਾਂ ਦੀ ਨਹੀਂ ਸਗੋਂ ਸਰਕਾਰ ਦੀ ਮਜ਼ਬੂਰੀ ਜਾਪਦੀ ਹੈ ਕਿਉਂਕਿ ਜਿਸ ਰਣਜੀਤ ਸਿੰਘ ਦੇ ਸਾਹਮਣੇ ਕੋਈ ਨਹੀਂ ਅੜ ਸਕਿਆ, ਉਹ ਫ਼ਿਰੰਗੀਆਂ ਦਾ ਸਾਹਮਣਾ ਕਿਉਂ ਨਹੀਂ ਕਰ ਸਕਿਆ।

ਦੂਜੇ ਪਾਸੇ ਸਤਲੁਜ ਪਾਰ ਬੈਠੇ ਸੰਧਾਂਵਾਲੀਏ ਸਰਦਾਰ ਵੀ ਰਣਜੀਤ ਸਿੰਘ ਵਾਲੀ ਗੱਦੀ ਦੇ ਆਪਣੇ ਆਪ ਨੂੰ ਹੱਕਦਾਰ ਸਮਝਦੇ ਸਨ ਅਤੇ ਇਸ ਨੂੰ ਹਥਿਆਉਣ ਲਈ ਉਹ ਫ਼ਿਰੰਗੀਆਂ ਦੀ ਸਹਾਇਤਾ ਲੈ ਰਹੇ ਸਨ। ਨਾਵਲ ਵਿਚੋਂ ਇਹ ਹਾਵਾਲਾ ਦੇਖਿਆ ਜਾ ਸਕਦਾ ਹੈ। "*.....ਸੰਧਾਂਵਾਲੀਆਂ ਨੂੰ ਸਿਰਫ ਗੱਦੀ ਚਾਹੀਦੀ ਏ, ਇਹਨਾਂ ਨੂੰ ਪੰਜਾਬ ਨਾਲ ਕੋਈ ਮੋਹ ਨਹੀਂ ਏ, ਇਹਨਾਂ ਦਾ ਸਭ ਕੁਝ ਸਤਲੁਜ ਤੋਂ ਪਾਰ ਈ ਏ ਤੇ ਇਹਨਾਂ ਨੇ ਇਹ ਲੋਕ ਪੰਜਾਬ ਅੰਗਰੇਜ਼ਾਂ ਦੇ ਹਵਾਲੇ ਕਰਨਾ ਚਾਹੁੰਦੇ ਨੇ...*"[25] ਇਹਨਾਂ ਦੁਆਰਾ ਕੀਤੀਆਂ ਜਾ ਰਹੀਆਂ ਪੰਜਾਬ ਵਿਰੋਧੀ ਸਾਜਿਸ਼ਾਂ ਖ਼ਾਲਸਾ ਰਾਜ ਦੇ ਅੰਤ ਦਾ ਬਹੁਤ ਵੱਡਾ ਕਾਰਨ ਬਣੀਆਂ ਹਨ।

ਇਸ ਨਾਵਲ ਦੇ ਥੀਮਕ ਪਾਸਾਰ ਅਨੁਸਾਰ ਖ਼ਾਲਸਾ ਰਾਜ ਦੇ ਖਾਤਮੇ ਦੇ ਭਾਵੇਂ ਅਨੇਕ ਕਾਰਨ ਸਨ ਪਰ ਨਾਵਲਕਾਰ ਰਾਣੀ ਚੰਦ ਕੌਰ ਅਤੇ ਮਹਾਂਰਾਣੀ ਜਿੰਦਾਂ ਬਾਰੇ ਮੰਨਦਾ ਹੈ ਕਿ ਇਹ ਦੋ ਅਜਿਹੀਆਂ ਔਰਤਾਂ ਸਨ ਜਿਨ੍ਹਾਂ ਨੇ ਲਹੌਰ ਦਰਬਾਰ ਤੇ ਕਾਬਜ਼ ਹੋਣ ਖਾਤਰ ਕਿਸੇ ਹੋਰ ਪੱਖ ਦੀ ਪਰਵਾਹ ਨਹੀਂ ਕੀਤੀ ਅਤੇ ਸ਼ਾਹੀ ਪਰਿਵਾਰ ਦੇ ਸਾਰੇ ਮੈਂਬਰ, ਦਰਬਾਰ ਦਾ ਧਨ, ਦੌਲਤ ਅਤੇ ਆਬਰੂ ਆਦਿ ਦਾਅ ਤੇ ਲਾ ਦਿੱਤੇ। ਬੁਨਿਆਦੀ ਰੂਪ ਵਿਚ ਖ਼ਾਲਸਾ ਰਾਜ ਦੇ ਖਾਤਮੇ ਦੇ ਸੰਬੰਧ ਵਿਚ ਇਸ ਨਾਵਲ ਦਾ ਕੇਂਦਰੀ ਨੁਕਤਾ ਸ਼ਾਹੀ ਖਾਨਦਾਨ ਦਾ ਅਯਾਸ਼ ਹੋਣ, ਨਾਕਾਬਲ ਹੋਣ ਅਤੇ ਗੱਦੀ ਪ੍ਰਾਪਤ ਕਰਨ ਦੀ ਦੌੜ ਵਿਚ ਲੱਗੇ ਹੋਣ ਕਰਕੇ ਇਸ ਨੂੰ ਰਾਜਾਸ਼ਾਹੀ ਜਾਂ ਸਾਮੰਤਸ਼ਾਹੀ ਨਾਲ ਜੋੜ ਕੇ ਵੇਖਣਾ ਹੈ।

(ਪੰਜ)

ਬਲਦੇਵ ਸਿੰਘ ਦੀ ਨਾਵਲਕਾਰੀ ਪੰਜਾਬੀ ਬੰਦੇ ਦੇ ਹੱਡਾਂ ਵਿਚ ਰਚੇ ਦੁੱਖਾਂ, ਦਰਦਾਂ, ਅਤ੍ਰਿਪਤੀਆਂ, ਸਦਮਿਆਂ, ਨਿਰਾਸ਼ਾਵਾਂ ਆਦਿ ਨੂੰ ਇੰਨੀ ਸ਼ਿੱਦਤ ਨਾਲ ਪੇਸ਼ ਕਰਦੀ ਹੈ ਕਿ ਪਾਠਕ ਆਪਣੀ ਜ਼ਿੰਦਗੀ ਨੂੰ ਉਸ ਦੇ ਪਾਤਰਾਂ ਦੀ ਜ਼ਿੰਦਗੀ ਨਾਲ ਰਲਗੱਡ ਕਰਕੇ ਵੇਖਣ ਲੱਗਦਾ ਹੈ। ਉਸ ਦਾ ਨਾਵਲ 'ਸੂਰਜ ਦੀ ਅੱਖ' ਮਹਾਰਾਜਾ ਖ਼ਾਲਸਾ ਰਾਜ ਨੂੰ ਅੱਤ ਯਥਾਰਥਕ ਸ਼ੈਲੀ ਵਿਚ ਪੇਸ਼ ਕਰਦਾ ਹੈ। ਉਹ ਖ਼ਾਲਸਾ ਰਾਜ ਦੇ ਪਤਨ ਦੇ ਨਵੇਂ ਕਾਰਨ ਨਹੀਂ ਸੁਝਾਉਂਦਾ ਸਗੋਂ ਉਹ ਉਹਨਾਂ ਹੀ ਕਾਰਨਾਂ ਨੂੰ ਵੱਖਰੇ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦਾ ਹੈ।

ਇਸ ਨਾਵਲ ਦੇ ਹਵਾਲੇ ਨਾਲ ਬਲਦੇਵ ਸਿੰਘ ਦੀਆਂ ਆਪਾ ਵਿਰੋਧੀ ਧਾਰਨਾਵਾਂ ਨੂੰ ਵਿਚਾਰਿਆ ਜਾ ਸਕਦਾ ਹੈ ਜਿਵੇਂ ਉਸ ਨੇ ਇਸ ਨਾਵਲ ਰਾਹੀਂ ਆਮ ਸੈਨਿਕਾਂ ਅਤੇ ਆਮ ਲੋਕਾਂ ਦੇ ਦੁੱਖਾਂ, ਤਕਲੀਫਾਂ ਨੂੰ ਪੇਸ਼ ਕਰਨ ਦਾ ਦਾਅਵਾ ਕੀਤਾ ਹੈ ਪਰ ਉਸ ਦਾ ਇਹ ਦਾਅਵਾ ਅਰਥਹੀਣ ਹੈ ਕਿਉਂਕਿ ਨਾਵਲ ਮੁੜ-ਮੁੜ ਨੌਕਰਸ਼ਾਹੀ, ਅਫ਼ਸਰਸ਼ਾਹੀ, ਰਾਜਸੱਤਾ ਅਤੇ ਤਾਨਾਸ਼ਾਹੀ ਸ਼ਕਤੀਆਂ ਨੂੰ ਕੇਂਦਰ ਵਿਚ ਰੱਖ ਰਿਹਾ ਹੈ।

ਬਲਦੇਵ ਸਿੰਘ ਦੇ ਨਾਵਲ 'ਸੂਰਜ ਦੀ ਅੱਖ' ਵਿਚ ਮਹਾਰਾਜਾ ਰਣਜੀਤ ਸਿੰਘ ਅਤੇ ਉਸ ਦੇ ਘਰਾਣੇ ਦੀਆਂ ਕਮਜ਼ੋਰੀਆਂ ਵੱਲ ਇਸ਼ਾਰਾ ਕੀਤਾ ਗਿਆ ਹੈ। ਲੇਖਕ ਨੇ ਰਣਜੀਤ ਸਿੰਘ ਦੀ ਮਾਂ ਦੇ ਅਤੇ ਸ਼ਾਹੀ ਘਰਾਣੇ ਦੀਆਂ ਹੋਰ ਔਰਤਾਂ ਦੇ ਨਜਾਇਜ਼ ਸੰਬੰਧਾਂ ਵੱਲ ਵੀ ਇਸ਼ਾਰਾ ਕੀਤਾ ਹੈ, ਰਣਜੀਤ ਸਿੰਘ ਦਾ ਇਕ ਮਹਾਰਾਜਾ ਬਣ ਕੇ, ਤਾਨਾਸ਼ਾਹਾਂ ਵਾਂਗ ਆਪਣੀ ਸੱਸ ਅਤੇ ਹੋਰ ਰਿਸ਼ਤੇਦਾਰਾਂ ਨਾਲ ਤ੍ਰਿਸਕਾਰ ਭਰਿਆ ਸਲੂਕ ਕਰਨ ਬਾਰੇ ਵੇਰਵੇ ਪੇਸ਼ ਕੀਤੇ ਹਨ, ਮਹਾਰਾਜਾ ਰਣਜੀਤ ਸਿੰਘ ਨੇ ਮੁਸਲਮਾਨ ਬਣ ਕੇ ਨਾਚੀ ਮੋਰਾਂ ਨਾਲ ਇਸਲਾਮ ਧਰਮ ਧਾਰਨ ਕਰਕੇ ਨਿਕਾਹ ਕਰਵਾਇਆ ਜੋ ਕਿ ਗੁਰਮਤਿ ਮਰਿਆਦਾ ਦੇ ਅਨੁਕੂਲ ਨਹੀਂ ਹੈ, ਰਣਜੀਤ ਸਿੰਘ ਆਪਣੀਆਂ ਅਯਾਸ਼ੀਆਂ (ਨਾਚ ਵੇਖਣੇ, ਸ਼ਰਾਬ ਪੀਣੀ, ਹੋਰ ਨਸ਼ੇ ਕਰਨੇ, ਔਰਤਾਂ ਦਾ ਸਾਥ ਭੋਗਣਾ, ਤਾਨਾਸ਼ਾਹਾਂ ਵਾਂਗ ਰਾਜ ਕਰਨਾ ਆਦਿ) 'ਤੇ ਕਾਬੂ ਨਾ ਪਾ ਸਕਿਆ ਜਿਸ ਕਰਕੇ ਨਾਵਲਕਾਰ ਅਨੁਸਾਰ ਉਸ ਨੇ ਇਕ ਸਿੱਖ ਹੋਣ ਦੇ ਨਾਤੇ ਸਾਰੀ ਕੌਮ ਦਾ ਜਲੂਸ ਕੱਢਿਆ। ਇਸ ਨਾਵਲ ਵਿਚ ਉਸ ਦੇ ਨਿਪੁੰਸਕ ਹੋਣ ਦੇ ਇਲਜ਼ਾਮ ਵੀ ਲੱਗੇ ਹਨ। ਨਾਵਲ ਵਿਚ ਪੇਸ਼ ਹੋਏ ਇਹ ਸਾਰੇ ਵਿਚਾਰ ਰਣਜੀਤ ਸਿੰਘ ਨੂੰ ਖ਼ਾਲਸਾਈ ਚਰਿੱਤਰ ਤੋਂ ਕੋਹਾਂ ਦੂਰ ਕਰ ਦਿੰਦੇ ਹਨ। ਭਾਵੇਂ ਘਟਨਾਵਾਂ ਦੀ ਯਥਾਰਥਕ ਗਲਪੀ ਪੇਸ਼ਕਾਰੀ ਲਈ ਨਾਵਲ ਵਿਚ ਮਹਾਰਾਜਾ ਰਣਜੀਤ ਸਿੰਘ ਲਈ ਥਾਂ-ਥਾਂ ਤੇ 'ਕਾਣਾ' ਸ਼ਬਦ ਵਰਤਿਆ ਗਿਆ ਹੈ ਪਰ ਇਸ ਤੋਂ ਲੇਖਕ ਦੀ ਇਸ ਰਾਜ ਪ੍ਰਤੀ ਭਾਵਨਾ ਉਜਾਗਰ ਹੋ ਰਹੀ ਹੈ। ਅਜਿਹਾ ਵੀ ਨਹੀਂ ਕਿ ਨਾਵਲਕਾਰ ਵਾਸਤਵਿਕਤਾ ਤੋਂ ਕੋਹਾਂ ਦੂਰ ਹੈ। ਰਣਜੀਤ ਸਿੰਘ ਦੁਆਰਾ ਕਰਵਾਏ ਗਏ ਅਣਗਿਣਤ ਵਿਆਹ ਉਸ ਨੂੰ ਇਕ ਭੋਗੀ ਅਤੇ ਵਿਲਾਸੀ ਸ਼ਾਸਕ ਸਾਬਤ ਕਰਦੇ ਹਨ। ਨਾਵਲ ਅਨੁਸਾਰ ਉਸ ਵਿਚਲੇ ਸਾਰੇ ਗੁਣ ਇਕ ਮਹੱਤਵਅਕਾਂਖੀ ਅਤੇ ਰਾਜ ਵਿਸਥਾਰਵਾਦੀ ਅਤੇ ਅਯਾਸ਼ ਸ਼ਾਸਕ ਵਾਲੇ ਸਨ। ਭਾਵੇਂ ਉਹ ਆਪਣੇ ਆਪ ਨੂੰ ਖ਼ਾਲਸਾ ਜੀ ਜਾਂ ਸਿੰਘ ਸਾਹਿਬ ਅਖਵਾਉਣ ਦਾ ਇੱਛੁਕ ਹੈ ਪਰ ਉਸ ਵਿਚ ਅਜਿਹਾ ਕੋਈ ਅਸਤਿਤਵੀ ਗੁਣ ਨਹੀਂ ਹੈ।

ਰਣਜੀਤ ਸਿੰਘ ਦੀਆਂ ਅਯਾਸ਼ੀਆਂ ਬਾਰੇ ਇਸ ਨਾਵਲ ਵਿਚ ਕਈ ਥਾਵਾਂ ਤੇ ਜ਼ਿਕਰ ਹੋਇਆ ਹੈ, *ਜਿਵੇਂ "ਹੁਣ ਉਸ ਨੂੰ ਰਾਣੀਵਾਸ, ਸ਼ਾਲਾਮਾਰ ਬਾਗ਼ ਤੇ ਖ਼ੂਬਸੂਰਤ ਨਾਚੀਆਂ ਆਵਾਜਾਂ ਮਾਰ ਰਹੀਆਂ ਸੁਣਨ ਲੱਗੀਆਂ ਸਨ। ਔਸ਼ਧੀਆਂ ਅਤੇ ਮੋਤੀ ਪਾ ਕੇ ਕਸ਼ੀਦ ਕੀਤੀ ਸ਼ਰਾਬ ਉਡੀਕ ਰਹੀ ਸੀ"* [26] ਅਜਿਹੇ ਵੇਰਵੇ ਰਣਜੀਤ ਸਿੰਘ ਨੂੰ ਖ਼ਾਲਸਾਈ ਸ਼ਖ਼ਸ਼ੀਅਤ ਨਾਲੋਂ ਤੋੜ ਕੇ ਇਕ ਅਯਾਸ਼ ਰਾਜੇ/ਸੁਲਤਾਨ ਦੀ ਸ਼ਖ਼ਸ਼ੀਅਤ ਨਾਲ ਜੋੜ ਕੇ ਵੇਖਣ ਵਾਲੇ ਹਨ।

ਸ਼ਾਹੀ ਪਰਿਵਾਰ ਵਿਚਲੇ ਭੇੜ ਰਣਜੀਤ ਸਿੰਘ ਕਾਲ ਦੇ ਪਤਨ ਦੇ ਅਹਿਮ ਕਾਰਨ ਸਨ ਜਿਹੜੇ ਇਸ ਨਾਵਲ ਵਿਚ ਸ਼ਿੱਦਤ ਨਾਲ ਪੇਸ਼ ਹੋਏ ਹਨ। *"ਮਨ ਦੀ ਸ਼ਾਂਤੀ ਲਈ ਉਸ ਨੇ ਕੁਝ ਦਿਨ ਅੰਮ੍ਰਿਤਸਰ ਜਾ ਕੇ ਕੁਝ ਦਿਨ ਦਰਬਾਰ ਸਾਹਬ ਵਿਖੇ ਗੁਜ਼ਾਰਨ ਦਾ ਇਰਾਦਾ ਕੀਤਾ। ਆਪਣੀ ਗ਼ੈਰ-ਹਾਜ਼ਰੀ ਵਿਚ, ਲਾਹੌਰ ਦਰਬਾਰ ਦਾ ਪ੍ਰਬੰਧ ਅਤੇ ਦੇਖਭਾਲ ਦੀ ਜ਼ਿੰਮੇਵਾਰੀ ਕੁੰਵਰ ਸ਼ੇਰ ਸਿੰਘ ਦੇ ਵਾਲੇ ਕਰਨੀ ਚਾਹੀ। ......ਪਰ ਝੱਟ ਹੀ ਚੁਗਲਖ਼ੋਰਾਂ ਅਤੇ ਸ਼ਰਾਰਤੀਆਂ ਨੇ, ਕੁੰਵਰ ਖੜਕ ਸਿੰਘ ਨੂੰ ਭੜਕਾ ਦਿੱਤਾ। ਉਹ ਤੇਜ਼ ਬੁੱਧੀ ਵਾਲਾ ਨਹੀਂ ਸੀ। ਗੁੱਸੇ ਵਿਚ ਆ ਕੇ ਬੋਲਿਆ – 'ਮੈਂ ਇਹ ਤੌਹੀਨ ਕਦੇ ਵੀ ਬਰਦਾਸ਼ਤ ਨਹੀਂ ਕਰਾਂਗਾ।' ਤੇ ਉਹ ਰਣਜੀਤ ਸਿੰਘ ਨੂੰ ਮਿਲਣ ਲਈ ਚੱਲ ਪਿਆ"* [27] ਨਾਵਲ ਅਨੁਸਾਰ ਅਜਿਹੀਆਂ ਗਤੀਵਿਧੀਆਂ ਰਣਜੀਤ ਸਿੰਘ ਰਾਜ ਦਾ ਨਿੱਤਨੇਮ ਬਣ ਚੁੱਕੀਆਂ ਸਨ।

ਇਸ ਨਾਵਲ ਵਿਚ ਆਏ ਇਕ ਹੋਰ ਵਿਚਾਰ ਅਨੁਸਾਰ ਲੈਲੀ ਘੋੜਾ ਹਾਸਲ ਕਰਨ ਲਈ ਮਹਾਰਾਜਾ ਨੇ ਬਹੁਤ ਜਾਨ ਅਤੇ ਮਾਲ ਦਾ ਨੁਕਸਾਨ ਕੀਤਾ। ਅਜਿਹਾ ਕਰਨਾ ਮਹਾਰਾਜਾ ਦੇ ਸ਼ਾਹੀ ਠਾਠ-ਬਾਠ ਵੱਲ ਇਸ਼ਾਰਾ ਕਰਦਾ ਹੈ। ਅਜਿਹੀਆਂ ਗਤੀਵਿਧੀਆਂ ਵਿਚ ਜ਼ਿਆਦਾ ਮਸ਼ਰੂਫ ਰਹਿਣਾ ਇਕ ਸ਼ਾਸਕ ਨੂੰ ਰਾਜ ਦੇ ਭਵਿੱਖ ਬਾਰੇ ਚਿੰਤਾ ਅਤੇ ਚਿੰਤਨ ਕਰਨ ਤੋਂ ਦੂਰ ਕਰ ਦਿੰਦਾ ਹੈ। ਇਸ ਨਾਵਲ ਵਿਚ ਕਈ ਥਾਵਾਂ ਉੱਪਰ ਨਾਵਲਕਾਰ ਨੇ ਸਿੱਧਾ ਇਸ਼ਾਰਾ ਕੀਤਾ ਹੈ, ਜਿਵੇਂ *"ਰਣਜੀਤ ਸਿੰਘ ਦੇ ਰਾਜਕਾਲ ਦੀ ਸਭ ਤੋਂ ਵੱਡੀ ਊਣਤਾਈ ਹੈ, ਉਸ ਨੇ ਆਪਣੇ ਯੋਗ ਉੱਤਰ-ਧਿਕਾਰੀ ਬਣਾਉਣ ਵੱਲ ਉਚੇਚਾ ਧਿਆਨ ਹੀ ਨਹੀਂ ਦਿੱਤਾ।"* [28] ਘਰੇਲੂ ਜੰਗ ਦੇ ਇਹ ਅਹਿਮ ਅਤੇ ਤਤਕਾਲੀ ਕਾਰਨ ਸਨ।

ਬਲਦੇਵ ਸਿੰਘ ਨੇ ਇਸ ਨਾਵਲ ਵਿਚਲੀਆਂ ਘਟਨਾਵਾਂ ਰਾਹੀਂ ਮੂਲ ਰੂਪ ਵਿਚ ਇਸ ਗੱਲ ਵੱਲ ਹੀ ਇਸ਼ਾਰਾ ਕੀਤਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੀ ਸ਼ਖ਼ਸ਼ੀਅਤ ਅਤੇ ਚਰਿੱਤਰ ਖ਼ਾਲਸਾਈ ਨਹੀਂ ਸੀ ਅਤੇ ਇਹ ਗੱਲ ਉਸ ਦੇ ਸਮਕਾਲੀ ਸਰਦਾਰਾਂ ਅਤੇ ਪਰਜਾ ਨੂੰ ਭਲੀਭਾਂਤ ਪਤਾ ਸੀ। ਨਾਵਲ ਦੇ ਵਾਰਤਾਲਾਪੀ ਵੇਰਵਿਆਂ ਰਾਹੀਂ ਨਾਵਲਕਾਰ ਰਣਜੀਤ ਸਿੰਘ ਦੇ ਪਰੰਪਰਾਗਤ ਬਿੰਬ ਨੂੰ ਤੋੜਦਾ ਪ੍ਰਤੀਤ ਹੁੰਦਾ ਹੈ। *"ਪਤਾ ਲੱਗਦਿਆਂ ਹੀ ਕੁੱਝ ਸਿੰਘਾਂ ਨੇ ਰਣਜੀਤ ਸਿੰਘ ਦੇ ਇਸ ਫੈਸਲੇ (ਗੁਲ. ਬੇਗ਼ਮ ਨਾਲ ਵਿਆਹ ਕਰਨ ਦੇ ਸੰਦਰਭ ਵਿਚ) ਦਾ ਵਿਰੋਧ ਕੀਤਾ। ਰਣਜੀਤ ਸਿੰਘ ਅਰਦਾਸ ਕਰਨ ਅਤੇ ਸਿਰ ਝੁਕਾਉਣ ਲਈ ਹਰਿਮੰਦਰ ਸਾਹਿਬ ਗਿਆ। ਇੱਕ ਹਜ਼ਾਰ ਸੋਨੇ ਦੀਆਂ ਮੋਹਰਾਂ ਦਾ ਚੜ੍ਹਾਵਾ ਦਿੱਤਾ। ਕਰਨ ਵਾਲੀਆਂ ਭੁੱਲਾਂ ਬਖ਼ਸ਼ ਦੇਣ ਲਈ ਅਰਜ਼ੋਈ ਕੀਤੀ। ਫਿਰ ਆ ਕੇ ਵਿਆਹ ਦੀਆਂ ਰਸਮਾਂ ਵਿਚ ਰੁੱਝ ਗਿਆ।"* [29] ਰਣਜੀਤ ਸਿੰਘ ਦੀਆਂ ਸ਼ਖ਼ਸ਼ੀ ਊਣਤਾਈਆਂ, ਰਾਜਨੀਤਕ ਦੂਰਅੰਦੇਸ਼ੀ ਹੋਣ ਦੇ ਬਾਵਜੂਦ ਭਵਿੱਖ ਬਾਰੇ ਨਾ ਸੋਚਣ, ਆਰਥਿਕ ਸਥਿਤੀ ਨੂੰ ਨਜ਼ਰਅੰਦਾਜ਼ ਕਰਨ ਕਰਕੇ ਰਾਜ ਢਹਿੰਦੀਆਂ ਕਲਾਂ ਵੱਲ ਗਿਆ। ਉਸ ਦੀਆਂ ਇਹਨਾਂ ਕਮਜ਼ੋਰੀ ਦਾ ਖਮਿਆਜ਼ਾ ਉਸ ਦੀ ਮੌਤ ਉਪਰੰਤ ਉਸ ਦੇ ਪਰਿਵਾਰ ਨੂੰ ਅਤੇ ਸਮੁੱਚੇ ਪੰਜਾਬ ਵਾਸੀਆਂ ਨੂੰ ਭੁਗਤਣਾ ਪਿਆ ਹੈ। ਨਾਵਲ ਵਿਚਲਾ ਇਹ ਵਾਰਤਾਲਾਪ ਗੱਲ ਨੂੰ ਹੋਰ ਸਪੱਸ਼ਟ ਕਰਦਾ ਹੈ। *"ਜੇ ਮਹਾਰਾਜਾ ਰਣਜੀਤ ਸਿੰਘ ਆਪਣੇ ਨਿੱਜੀ ਜੀਵਨ ਵਿਚ ਸੰਜਮ ਅਤੇ ਸਵੈ-ਕਾਬੂ ਵੱਲ ਵਧੇਰੇ ਸੁਚੇਤ ਰਹਿੰਦਾ ਅਤੇ ਆਪਣੀਆਂ ਇਤਿਹਾਸਕ ਜ਼ਿੰਮੇਵਾਰੀਆਂ ਵੱਲ ਉਚੇਚਾ ਧਿਆਨ ਦਿੰਦਾ ਤਾਂ ਸ਼ਾਇਦ ਇਸ ਇਤਿਹਾਸਕ ਕੌਮੀ ਦੁਖਾਂਤ ਤੋਂ ਅਤੇ ਰਾਜਨੀਤਕ ਹਾਰ ਤੋਂ ਬਚਿਆ ਜਾ ਸਕਦਾ ਸੀ।"* [30]

ਰਾਜ ਕਰਨ ਅਤੇ ਕੌਮ ਦੀ ਪ੍ਰਤੀਨਿਧਤਾ ਕਰਨ ਵਿਚ ਬਹੁਤ ਅੰਤਰ ਹੁੰਦਾ ਹੈ। ਇਤਿਹਾਸ ਗਵਾਹੀ ਇਸ ਗੱਲ ਦੀ ਭਰਦਾ ਹੈ ਕਿ ਰਣਜੀਤ ਸਿੰਘ ਨੇ ਆਪਣੀ ਕੌਮ ਦੀ ਪ੍ਰਤੀਨਿਧਤਾ ਕੀਤੀ ਪਰ ਬਲਦੇਵ ਸਿੰਘ ਦਾ ਵਿਚਾਰ ਅਧੀਨ ਨਾਵਲ ਉਸ ਨੂੰ ਇਕ ਮਹੱਤਵਾਅਕਾਂਖੀ ਅਤੇ ਨਿੱਜਵਾਦੀ ਰਾਜੇ ਵਜੋਂ ਪੇਸ਼ ਕਰ ਰਿਹਾ ਹੈ। ਨਾਵਲ ਵਿਚਲੇ ਨਾਵਲਕਾਰ ਦੇ ਇਹ ਇਸ਼ਾਰੇ ਗੱਲ ਸਮਝਣ ਲਈ ਕਾਫੀ ਹਨ, *"ਭਾਵੇਂ ਉਹ ਮੁਗ਼ਲ-ਤਖ਼ਤ ਉੱਪਰ ਨਹੀਂ ਸੀ ਬੈਠਿਆ, ਪਰ ਰਣਜੀਤ ਸਿੰਘ ਦੇ ਦਰਬਾਰ ਦੀ*

*ਸ਼ਾਨ ਮੁਗ਼ਲਾਂ ਦੇ ਦਰਬਾਰ ਨੂੰ ਵੀ ਮਾਤ ਪਾਉਂਦੀ ਸੀ, ਰਾਗ-ਰੰਗ, ਨਾਚੀਆਂ ਦੀ ਫ਼ੌਜ ਸ਼ਰਾਬ ਦੀਆਂ ਮਹਿਫਲਾਂ। ਹਰਮ ਵਿਚ ਪਤਨੀਆਂ ਅਤੇ ਰਖਲਾਂ ਦੀ ਭੀੜ।"*[31] ਇਸੇ ਤਰ੍ਹਾਂ ਨਾਵਲਕਾਰ ਦਾ ਇਕ ਹੋਰ ਵਾਰਤਾਲਾਪ ਵੇਖਿਆ ਜਾ ਸਕਦਾ ਹੈ, *"...1831 ਵਿਚ ਰਣਜੀਤ ਸਿੰਘ ਨੇ ਲਾਰਡ ਵਿਲੀਅਮ ਬੈਂਟਿੰਕ ਨਾਲ ਮੁਲਾਕਾਤ ਸਮੇਂ ਬੇਲੋੜਾ ਸ਼ਾਹੀ ਜਾਹੋ-ਜਲਾਲ ਵਿਖਾਇਆ। 1937 ਵਿਚ ਜਦ ਪੋਤਰੇ ਨੌਨਿਹਾਲ ਸਿੰਘ ਦੀ ਸ਼ਾਦੀ ਹੋਈ ਤਾਂ ਸ਼ਾਹੀ ਖ਼ਜ਼ਾਨੇ ਵਿਚੋਂ ਪੈਸਾ ਪਾਣੀ ਵਾਂਗ ਵਹਾਇਆ। ਇਹ ਸਾਰਾ ਅਡੰਬਰ ਸਿੱਖੀ ਜਾਂ ਖ਼ਾਲਸਾਈ ਸਿਧਾਂਤਾਂ ਦੇ ਉਲਟ ਸੀ।"*[32]

ਇਸ ਤੋਂ ਇਲਾਵਾ ਇਸ ਨਾਵਲ ਦੇ ਕਥਾਨਕ ਤੋਂ ਇਹ ਵੀ ਪਤਾ ਚੱਲਦਾ ਹੈ ਕਿ ਅੰਗਰੇਜ਼ਾਂ ਦੀਆਂ ਕੂਟ ਨੀਤੀਆਂ ਅਤੇ ਮਾਰੂ ਨੀਤੀਆਂ ਪੰਜਾਬ ਨੂੰ ਹੜੱਪਣ ਵੱਲ ਲੱਗੀਆਂ ਹੋਈਆਂ ਸਨ। ਇਸ ਸਾਰੇ ਵਰਤਾਰੇ ਦੇ ਵਿਰੁੱਧ ਲੜਨ ਦੀ ਬਜਾਏ ਰਣਜੀਤ ਸਿੰਘ ਅੰਗਰੇਜ਼ਾਂ ਪ੍ਰਤੀ ਸਮਝੌਤਾਵਾਦੀ ਨੀਤੀ ਅਪਨਾਉਂਦਾ ਰਿਹਾ। ਭਾਵੇਂ ਹਾਲਾਤ ਸਾਜ਼ਗਾਰ ਨਹੀਂ ਰਹੇ ਸਨ ਪਰ ਇਹ ਵੀ ਸੱਚ ਜਾਪਦਾ ਹੈ ਕਿ ਰਣਜੀਤ ਸਿੰਘ ਦੇ ਰਾਜਾਸ਼ਾਹੀ ਅਤੇ ਤਾਨਾਸ਼ਾਹੀ ਜੀਵਨ ਢੰਗ ਨੇ ਉਸ ਨੂੰ ਮਾਨਸਿਕ ਤੌਰ 'ਤੇ ਕਮਜ਼ੋਰ ਬਣਾ ਦਿੱਤਾ।

(ਛੇ)

ਹੱਥਲੇ ਪਰਚੇ ਦਾ ਵਿਸ਼ਾ 'ਯੁੱਗ-ਅੰਤ', 'ਅਕਾਲ ਸਹਾਇ' ਅਤੇ 'ਸੂਰਜ ਦੀ ਅੱਖ' ਨਾਵਲਾਂ ਦੇ ਥੀਮਕ ਪਾਸਾਰਾਂ ਅਤੇ ਸੰਰਚਨਾਤਮਕ ਪਾਸਾਰਾਂ ਦੇ ਨਾਲ-ਨਾਲ ਵਿਸ਼ੇਸ਼ ਰੂਪ ਵਿਚ ਇਹਨਾਂ ਨਾਵਲਾਂ ਵਿਚ ਪੇਸ਼ ਖ਼ਾਲਸਾ ਰਾਜ ਦੇ ਪਤਨ ਦੇ ਕਾਰਨਾਂ ਦੀ ਪੇਸ਼ਕਾਰੀ ਦੀ ਤੁਲਨਾ ਕਰਨਾ ਹੈ। ਬੁਨਿਆਦੀ ਰੂਪ ਵਿਚ ਉੱਪਰ ਚਰਚਿਤ ਤਿੰਨੇ ਨਾਵਲਕਾਰਾਂ ਦੀਆਂ ਸ਼ੈਲੀਗਤ ਅਤੇ ਵਿਚਾਰਧਾਰਕ ਭਿੰਨਤਾਵਾਂ ਕਰਕੇ ਇਤਿਹਾਸਕ ਤੱਥਾਂ ਦੀ ਗਲਪੀ ਪੇਸ਼ਕਾਰੀ ਵਿਚ ਕੁਝ ਵਖਰੇਵੇਂ ਅਤੇ ਕੁਝ ਸਮਾਨਤਾਵਾਂ ਵੀ ਪਾਈਆਂ ਗਈਆਂ ਹਨ।

ਮਨਮੋਹਨ ਬਾਵਾ ਦੀ ਗਲਪੀ ਲਿਖਤ ਅਨੁਸਾਰ ਖ਼ਾਲਸਾ ਰਾਜ ਦੇ ਪਤਨ ਦਾ ਕਾਰਨ ਸਿੱਖ ਸਰਦਾਰਾਂ ਦੀ ਆਪਸੀ ਖਿੱਚੋਤਾਣ, ਅੰਗਰੇਜ਼ਾਂ ਦੀ ਕੂਟਨੀਤੀ ਅਤੇ ਘਰੇਲੂ ਯੁੱਧ ਹੀ ਹਨ। ਪਰ ਬਾਵਾ ਇਹਨਾਂ ਕਾਰਨਾਂ ਤੋਂ ਵੀ ਪਹਿਲਾਂ ਰਣਜੀਤ ਸਿੰਘ ਨੂੰ ਇਸ ਲਈ ਜ਼ਿੰਮੇਵਾਰ ਠਹਿਰਾਉਂਦਾ ਹੈ ਅਤੇ ਦੱਸਦਾ ਹੈ ਕਿ ਕਿਵੇਂ ਉਸ ਨੇ ਸਿਰਫ ਇਕ ਮਹਾਰਾਜਾ ਵਾਲਾ ਅਯਾਸ਼ੀ ਭਰਿਆ ਅਤੇ ਅਕਾਂਖਿਆਵਾਂ ਭਰਿਆ ਜੀਵਨ ਬਤੀਤ ਕੀਤਾ। ਰਾਜ ਦੀ ਖੁਸ਼ਹਾਲੀ ਜਾਂ ਰਾਜ ਦੀ ਸਲਾਮਤੀ ਲਈ ਉਸ ਨੇ ਕੋਈ ਠੋਸ ਕਦਮ ਨਹੀਂ ਚੁੱਕੇ। ਬਲਦੇਵ ਸਿੰਘ ਆਪਣੇ ਨਾਵਲ ਸੂਰਜ ਦੀ ਅੱਖ ਰਾਹੀਂ ਮਹਾਰਾਜਾ ਰਣਜੀਤ ਸਿੰਘ ਨੂੰ ਅਤੇ ਉਸ ਦੇ ਸ਼ਾਹੀ ਠਾਠ-ਬਾਠ ਵਾਲੇ ਪਰਿਵਾਰ ਨੂੰ ਰਾਜ ਦੇ ਪਤਨ ਦੇ ਕਾਰਨ ਵਜੋਂ ਪੇਸ਼ ਕਰਦਾ ਹੈ। ਬਲਦੇਵ ਸਿੰਘ ਇਸ ਪ੍ਰਤੀ ਇੰਨਾਂ ਯਥਾਰਥਕ ਹੋ ਜਾਂਦਾ ਹੈ ਕਿ ਉਹ ਰਣਜੀਤ ਸਿੰਘ ਅਤੇ ਉਸ ਦੇ ਪਰਿਵਾਰ ਦੀਆਂ ਚਰਿੱਤਰਕ ਊਣਤਾਈਆਂ ਵੱਲ ਬੇਬਾਕ ਹੋ ਕੇ ਇਸ਼ਾਰੇ ਕਰਦਾ ਹੈ।

ਇਹ ਤਿੰਨੇ ਨਾਵਲ ਇਕ ਦੂਜੇ ਨਾਲ ਕੜੀਦਾਰ ਸੰਬੰਧਾਂ ਵਿਚ ਬੱਝੇ ਹੋਏ ਹਨ। ਮਹਿਸੂਸ ਹੁੰਦਾ ਹੈ ਕਿ 'ਸੂਰਜ ਦੀ ਅੱਖ ਭਾਗ' ਪਹਿਲਾ ਹੈ। ਜਿੱਥੇ ਇਸ ਨਾਵਲ ਦੀਆਂ ਘਟਨਾਵਾਂ ਦਾ ਖਾਤਮਾ ਹੁੰਦਾ ਹੈ ਲਗਭਗ ਉਥੋਂ 'ਅਕਾਲ ਸਹਾਏ' ਨਾਵਲ ਦੀਆਂ ਘਟਨਾਵਾਂ ਸ਼ੁਰੂ ਹੋ ਜਾਂਦੀਆਂ ਹਨ ਅਤੇ 'ਯੁੱਗ-ਅੰਤ' ਨਾਵਲ ਦੀਆਂ ਘਟਨਾਵਾਂ ਵੀ ਲਗਭਗ 'ਅਕਾਲ ਸਹਾਏ' ਨਾਵਲ ਦੀਆਂ ਅੰਤਿਮ ਘਟਨਾਵਾਂ ਤੋਂ ਬਾਅਦ ਹੀ ਸ਼ੁਰੂ ਹੁੰਦੀਆਂ ਹਨ।

'ਯੁੱਗ-ਅੰਤ' ਨਾਵਲ ਰਣਜੀਤ ਸਿੰਘ ਦੇ ਰਾਜ ਦੇ ਪਤਨ ਦੇ ਉਹਨਾਂ ਕਾਰਨਾਂ ਨੂੰ ਸਿਰਜਦਾ ਹੈ ਜਿਹੜੇ ਸਧਾਰਨ ਲੋਕਾਂ ਦੀ ਨਜ਼ਰ ਜਾਂ ਬੁੱਧੀ ਦੀ ਸੀਮਾ ਵਿਚ ਆਏ। 'ਸੂਰਜ ਦੀ ਅੱਖ' ਨਾਵਲ ਉਹਨਾਂ ਕਾਰਨਾਂ ਉੱਪਰ ਝਾਤ ਪਾਉਂਦਾ ਹੈ ਜਿਹੜੇ ਮਹਾਰਾਜਾ ਰਣਜੀਤ ਸਿੰਘ ਦੇ ਜਿਉਂਦੇ ਜੀਅ ਵਾਪਰਨ ਵਾਲੀਆਂ ਘਟਨਾਵਾਂ ਤੋਂ ਅੱਗੇ ਜਾ ਕੇ ਕਾਰਨ ਬਣਦੇ ਹਨ। 'ਅਕਾਲ ਸਹਾਏ' ਨਾਵਲ ਉਹਨਾਂ ਕਾਰਨਾਂ ਉੱਪਰ ਨਜ਼ਰ ਮਾਰ ਰਿਹਾ ਹੈ ਜਿਹੜੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਦੀਆਂ ਸਿਆਸੀ ਗਤੀਵਿਧੀਆਂ ਵਿਚੋਂ ਪੈਦਾ ਹੋਏ ਹਨ।

'ਯੁੱਗ-ਅੰਤ' ਨਾਵਲ ਵਿਚ ਖ਼ਾਲਸਾ ਰਾਜ ਦੇ ਖੁੱਸ ਜਾਣ ਦਾ ਤਤਕਾਲੀ ਕਾਰਨ ਉਸ ਦੁਆਰਾ ਯੋਗ ਉੱਤਰਾ-ਅਧਿਕਾਰੀ ਦੀ ਚੋਣ ਨਾ ਕਰ ਸਕਣਾ ਹੈ, 'ਸੂਰਜ ਦੀ ਅੱਖ' ਵਿਚ ਇਹ ਕਾਰਨ ਰਣਜੀਤ ਸਿੰਘ ਦਾ ਦੂਜੇ ਸਿੱਖ ਸਰਦਾਰਾਂ, ਵਿਦੇਸ਼ੀ ਧਾੜਵੀਆਂ, ਫ਼ਰੰਗੀਆਂ ਅਤੇ ਹੋਰ ਦੁਸ਼ਮਣਾਂ ਵਿਚ ਇਕੱਲੇ ਹੀ ਘਿਰ ਜਾਣ ਨੂੰ ਮੰਨਿਆ ਗਿਆ ਹੈ, ਜਦਕਿ 'ਅਕਾਲ ਸਹਾਏ' ਨਾਵਲ ਵਿਚ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸ਼ਾਹੀ ਘਰਾਣੇ ਦੇ ਰਾਜਕੁਮਾਰਾਂ ਵਿਚ ਗੱਦੀ ਪ੍ਰਾਪਤੀ ਦੀ ਹੋੜ ਵਿਚ ਹੋਇਆ ਕਤਲੇਆਮ ਨੂੰ ਰਾਜ ਦੇ ਅੰਤ ਦਾ ਤਤਕਾਲੀ ਕਾਰਨ ਮੰਨਿਆ ਗਿਆ ਹੈ।

ਇੱਕ ਪਾਸੇ 'ਸੂਰਜ ਦੀ ਅੱਖ' ਅਤੇ 'ਅਕਾਲ ਸਹਾਏ' ਨਾਵਲ ਵਿਚ ਰਿਵਾਇਤੀ ਇਤਿਹਾਸਕ ਹਵਾਲੇ ਅਤੇ ਰਿਵਾਇਤੀ ਇਤਿਹਾਸਕ ਤੱਥ ਭਾਰੂ ਹੋ ਜਾਂਦੇ ਹਨ ਜਦੋਂ ਕਿ ਯੁੱਗ-ਅੰਤ ਵਿਚ ਹਾਸ਼ੀਆਗਤਾਂ ਦਾ ਇਤਿਹਾਸ (History of Others) ਭਾਰੂ ਰਹਿੰਦਾ ਹੈ।

ਸਾਰਅੰਸ਼ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਅਜੋਕੇ ਦੌਰ ਦੇ ਇਤਿਹਾਸਕ ਗਲਪਕਾਰ ਕਿਸੇ ਇਤਿਹਾਸਕ ਸਖ਼ਸ਼ੀਅਤ ਦਾ ਰੇਖਾ ਚਿੱਤਰ ਲਿਖਣ ਨਾਲੋਂ ਉਸ ਨੂੰ ਸਮੁੱਚੇ ਇਤਿਹਾਸ ਦੇ ਪ੍ਰਸੰਗ ਵਿਚ ਅਤੇ ਵੇਗ ਵਿਚ ਵਾਚਦੇ ਹਨ ਤਾਂ ਕਿ ਇਤਿਹਾਸ ਦੀ ਚਾਲ ਦਾ ਸਹੀ ਜਾਇਜ਼ਾ ਲਿਆ ਜਾ ਸਕੇ। ਵਰਤਮਾਨ ਯੁਗ ਦੀਆਂ ਸਥਿਤੀਆਂ/ਪ੍ਰਸਥਿਤੀਆਂ ਨਾਲ ਨਜਿੱਠਣ ਲਈ ਮਨੁੱਖ ਨੂੰ ਤਿਆਰ ਕਰਨ ਹਿਤ, ਅਜੋਕੇ ਲੇਖਕ (ਸਾਹਿਤਕਾਰ ਜਾਂ ਗ਼ੈਰ-ਸਾਹਿਤਕਾਰ) ਇਤਿਹਾਸਕ ਵੇਗ ਨੂੰ ਆਪਣੀ ਪਕੜ ਵਿਚ ਲਿਆਉਣ ਵਿਚ ਪੁਰਜੋਰ ਯਤਨਸ਼ੀਲ ਹਨ। ਸਾਹਿਤਕਾਰ ਆਪਣੀ ਆਲੋਚਕ ਅਤੇ ਖੋਜੀ ਬਿਰਤੀ ਨਾਲ ਅਜਿਹੀਆਂ ਲਿਖਤਾਂ ਦੀ ਸਿਰਜਣਾ ਕਰਦੇ ਨਜ਼ਰ ਆ ਰਹੇ ਹਨ। ਇਸ ਲੋੜ ਦੀ ਪੂਰਤੀ ਲਈ ਉਹ ਆਪਣੀਆਂ ਲਿਖਤਾਂ ਵਿਚ ਕਿਸੇ ਇਤਿਹਾਸਕ ਸਖ਼ਸ਼ੀਅਤ ਨੂੰ ਨਾਇਕ ਬਨਾਉਣ ਦੀ ਥਾਂ ਅਵਾਮ, ਆਮ ਇਤਿਹਾਸਕ ਲੋਕਾਂ ਅਤੇ ਆਮ ਸੈਨਿਕਾਂ ਨੂੰ ਨਾਇਕ ਵਜੋਂ ਪੇਸ਼ ਕਰਦੇ ਹਨ ਅਤੇ ਉਹਨਾਂ ਨੂੰ ਰਚਨਾ ਦੇ ਕੇਂਦਰ ਵਿਚ ਰੱਖਦੇ ਹਨ। ਉਹ ਮੰਨਦੇ ਹਨ ਕਿ ਇਤਿਹਾਸ ਦੀ ਸੰਚਾਲਕ ਸ਼ਕਤੀ ਰਾਜੇ, ਮਹਾਰਾਜੇ, ਮੰਤਰੀ ਅਤੇ ਸੈਨਾਪਤੀ ਨਾ ਹੋ ਕੇ ਇਹ ਆਮ ਲੋਕ ਹੀ ਹਨ। ਵਿਚਾਰ ਅਧੀਨ ਇਹਨਾਂ ਤਿੰਨੇ ਨਾਵਲਾਂ ਦੇ ਲੇਖਕ ਵੀ ਅਜਿਹੀ ਹੀ ਬਿਰਤੀ ਦੇ ਮਾਲਕ ਹਨ ਅਤੇ ਹਾਸ਼ੀਆਗਤ ਲੋਕਾਂ ਦੇ ਭਾਵਾਂ ਨੂੰ ਜ਼ੁਬਾਨ ਦਿੰਦੇ ਹੋਏ ਪ੍ਰਤੀਤ ਹੁੰਦੇ ਹਨ। ਅਜਿਹੇ ਅਵਚੇਤਨ ਜਾਂ ਨਜ਼ਰੀਏ ਵਿਚੋਂ ਪੈਦਾ ਹੋਈਆਂ ਸਾਹਿਤਕ ਕਿਰਤਾਂ ਦਾ ਇਕ ਦੂਜੇ ਦੇ ਪ੍ਰਸੰਗ ਵਿਚ ਨੋਟਿਸ ਲੈਣਾ ਬਣਦਾ ਹੈ ਤਾਂ ਕਿ ਇਸ ਤੁਲਨਾਤਮਕ ਪੜ੍ਹਤ ਰਾਹੀਂ ਇਤਿਹਾਸਕ ਵੇਰਵਿਆਂ ਦੀਆਂ ਪ੍ਰਚੱਲਤ ਦਿਸ਼ਾਵਾਂ, ਪਰਤਾਂ, ਸਰੂਪਾਂ ਅਤੇ ਪਾਸਾਰਾਂ ਦਾ ਢੁਕਵਾਂ ਅਤੇ ਤਾਰਕਿਕ ਜਾਇਜ਼ਾ ਲਿਆ ਜਾ ਸਕੇ।

## ਹਵਾਲੇ ਅਤੇ ਟਿੱਪਣੀਆ


1. ਧੀਰ, ਕੁਲਦੀਪ ਸਿੰਘ, ਤੁਲਨਾਤਮਕ ਸਾਹਿਤ: ਸਿਧਾਂਤ ਅਤੇ ਵਿਹਾਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996, ਪੰਨਾ: 1.
2. Cuddon, J. A., A Dictionary of Literary Terms, Indian Book Company, Kerala (India), 1977, p. 140.
3. ਜੱਗੀ, ਰਤਨ ਸਿੰਘ (ਡਾ.) (ਸੰਪਾ.), ਸਾਹਿੱਤ ਕੋਸ਼: ਪਰਿਭਾਸ਼ਿਕ ਸ਼ਬਦਾਵਲੀ, ਪਬਲੀਕੇਸ਼ਨ Bieuਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989, ਪੰਨਾ: 576.
4. Wellek, Rene, Discriminations, Vikas Publications, Delhi, 1991, p. 19.
5. Remak, Henry H. H., "Comparative Literature: Its Definition and Function", in Comparative Literature: Method and Perspective (Ed. Newton P. Stallknecht and Horst Frenz), Southern Illinois University Press, Carbondale (USA), 1961, p. 3.
6. ਬੇਦੀ, ਹਰਚੰਦ ਸਿੰਘ, ਸਮੀਖਿਆ ਸਭਿਆਚਾਰ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1989, ਪੰਨਾ: 12.
7. Thapar, Romila, Sakuntala: Texts, Readings, Histories, Columbia University Press, New York, 2011, p. 11.
8. ਹਰਿਭਜਨ ਸਿੰਘ, "ਇਕਹਿਰੀ ਸਾਹਿਤ ਯੋਗਤਾ ਤੇ ਤੁਲਨਾਤਮਕ ਸਾਹਿਤ", ਤੁਲਨਾਤਮਕ ਭਾਰਤੀ ਸਾਹਿਤ (ਸੰਪਾ. ਸਤਿੰਦਰ ਸਿੰਘ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1990, ਪੰਨਾ: 107.
9. ਬਾਵਾ, ਮਨਮੋਹਨ, ਯੁੱਗ-ਅੰਤ (ਨਾਵਲ), ਚੇਤਨਾ ਪ੍ਰਕਾਸ਼ਨ, ਲੁਧਿਆਣਾ, 2009, ਪੰਨਾ: 136.
10. ਉਹੀ, ਪੰਨਾ: 123.
11. ਉਹੀ, ਪੰਨਾ: 124.
12. ਉਹੀ, ਪੰਨਾ: 125.
13. ਉਹੀ, ਪੰਨਾ: 126.
14. ਉਹੀ, ਪੰਨਾ: 129.
15. ਉਹੀ, ਪੰਨਾ: 133.
16. ਉਹੀ, ਪੰਨਾ: 141.
17. ਅਟਵਾਲ, ਹਰਜੀਤ, ਅਕਾਲ ਸਹਾਏ (ਨਾਵਲ), ਸੰਗਮ ਪਬਲੀਕੇਸ਼ਨਜ਼, ਸਮਾਣਾ (ਪਟਿਆਲਾ), 2012, ਪੰਨਾ: 34.
18. ਉਹੀ, ਪੰਨਾ: 26.
19. ਧਰਮ ਸਿੰਘ (ਡਾ.), ਮਹਾਰਾਜਾ ਰਣਜੀਤ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ: 111.
20. ਅਟਵਾਲ, ਹਰਜੀਤ, ਉਹੀ, ਪੰਨਾ: 28.
21. ਉਹੀ, ਪੰਨਾ: 33.
22. ਉਹੀ, ਪੰਨਾ: 62.
23. ਉਹੀ, ਪੰਨਾ: 18.
24. ਉਹੀ, ਪੰਨਾ: 28.
25. ਉਹੀ, ਪੰਨਾ: 73.
26. ਬਲਦੇਵ ਸਿੰਘ, ਸੂਰਜ ਦੀ ਅੱਖ (ਨਾਵਲ), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2017, ਪੰਨਾ: 406.
27. ਉਹੀ, ਪੰਨਾ: 435.
28. ਉਹੀ, ਪੰਨਾ: 594.
29. ਉਹੀ, ਪੰਨੇ: 478-479.
30. ਉਹੀ, ਪੰਨਾ: 593.
31. ਉਹੀ, ਪੰਨੇ: 593-594.
32. ਉਹੀ, ਪੰਨਾ: 593.



### *Cite this Article-*

*ਡਾ. ਗੁਰਪ੍ਰੀਤ ਸਿੰਘ (Dr. Gurpreet Singh), ਪੰਜਾਬੀ ਨਾਵਲਾਂ ਵਿਚ ਖ਼ਾਲਸਾ ਰਾਜ ਦੇ ਪਤਨ ਦੇ ਕਾਰਨਾਂ ਦੀ ਪੇਸ਼ਕਾਰੀ ('ਯੁੱਗ-ਅੰਤ', 'ਅਕਾਲ ਸਹਾਏ' ਅਤੇ 'ਸੂਰਜ ਦੀ ਅੱਖ' ਦੇ ਵਿਸ਼ੇਸ਼ ਸੰਦਰਭ 'ਚ) Punjabi Navelan Vich Khalsa Raaj De Patan De Kaarnan Di Peshkaari ('Yug Ant', 'Akaal Sahai' Ate 'Suraj Di Akh' de vishesh sandarbh 'ch), ਅਰਮਾਨ (ARMAAN), ISSN: 2583-9446 (O), Volume- 4, Issue- 2, April-June 2026, Page: 145-153.*

*Journal URL: www.armaan.org.in*

*DOI: https://doi.org/10.64119/armaan.vol.4.issue2.26*



*This article is an open access article published under the terms and conditions of the Creative Commons Attribution (CC BY-NC 4.0) license. https://creativecommons.org/licenses/by-nc/4.0/*